# ਗੀਤਾਂ ਦਾ ਵਣਜਾਰਾ –ਬਾਬੂ ਸਿੰਘ ਮਾਨ ਮਰਾੜ੍ਹਾਂ ਵਾਲਾ

ਪ੍ਰੋ. ਰਾਜਿੰਦਰ ਪਾਲ ਸਿੰਘ ਬਰਾੜ *

ਪਹਿਲੀ ਝਾਤ– ਪਿਛਲੀ ਸਦੀ ਦਾ ਅੱਠਵਾਂ ਦਹਾਕਾ : ਸਰਦੇ ਪੁੱਜਦੇ ਘਰਾਂ ਦੇ ਵਿਆਹਾਂ ਵਿਚ ਰੇਡੀਓ ਸਿੰਗਰਾਂ ਦਾ ਅਖਾੜਾ ਲਵਾਉਣ ਦਾ ਰਿਵਾਜ਼ ਸਿਖ਼ਰਾਂ ਤੇ ਹੈ, ਮੁਹੰਮਦ ਸਦੀਕ–ਰਣਜੀਤ ਕੌਰ, ਦੀਦਾਰ ਸੰਧੂ–ਸਨੇਹ ਲਤਾ, ਅਮਰ ਸਿੰਘ ਚਮਕੀਲਾ–ਅਮਰਜੋਤ ਦੀਆਂ ਜੋੜੀਆਂ ਦਾ ਵੇਲਾ, ਅਸੀਂ ਮੁੰਡੇ ਖੁੰਡੇ ਕਈ ਕਈ ਦੂਰ ਦੇ ਪਿੰਡਾਂ ਤਕ ਅਖਾੜੇ ਸੁਣਨ ਜਾਂਦੇ, ਕਦੇ ਟਰੈਕਟਰਾਂ ਤੇ, ਕਦੇ ਸਾਈਕਲਾਂ ਤੇ, ਕਈ ਵਾਰ ਪੈਦਲ ਹੀ। ਦੋ ਪਿੰਡ ਛੱਡ ਕੇ ਅਖਾੜਾ ਲੱਗਿਆ ਹੋਇਆ ਹੈ। ਮੁਹੰਮਦ ਸਦੀਕ ਨੇ ਸਟੇਜ ਤੇ ਆ ਕੇ ਆਖਿਆ, 'ਅੱਜ ਭਾਗਾਂ ਵਾਲਾ ਦਿਨ ਹੈ, ਵਿਆਹ ਵਾਲਿਆਂ ਦੀ ਖ਼ੁਸ਼ੀ ਵਿਚ ਪੰਜਾਬੀ ਦੇ ਪ੍ਰਸਿੱਧ ਗੀਤਕਾਰ, ਹਰਮਨ ਪਿਆਰੇ ਗੀਤਾਂ ਦੇ ਲਿਖਾਰੀ ਬਾਬੂ ਸਿੰਘ ਮਾਨ ਵੀ ਪਹੁੰਚੇ ਹੋਏ ਹਨ। ਇਕ ਉੱਚਾ ਲੰਮਾ ਗੱਭਰੂ ਸਰਦਾਰ, ਪੈਂਟ ਸ਼ਰਟ ਪਾਈ ਅਤੇ ਪੋਚਵੀਂ ਪੱਗ ਬੰਨ੍ਹੀਂ ਸਟੇਜ ਤੇ ਆਇਆ। ਸਾਰਿਆਂ ਨੂੰ ਹੱਥ ਜੋੜ ਕੇ ਜਾਨੀਆਂ ਲਈ ਆਮ ਮੰਜਿਆਂ ਤੋਂ ਵੀ ਅੱਗੇ ਵਿਸ਼ੇਸ਼ ਜਾਨੀਆਂ ਲਈ ਡਾਹੀਆਂ ਅੱਠ ਦੱਸ ਕੁਰਸੀਆਂ ਵਿਚੋਂ ਇਕ ਉੱਪਰ ਬੈਠ ਗਿਆ। ਅਸੀਂ ਇਕ ਝਲਕ ਹੀ ਦੇਖ ਸਕੇ। ਕੰਨਾਂ ਵਿਚ ਗੀਤ ਗੂੰਜਿਆਂ, ਆਹ ਵੇਖ ਤਰੌਜਾ ਲੈ ਚੱਲਿਆ ਜੱਟ ਮਾਨ ਮਰਾੜ੍ਹਾਂ ਦਾ, ਮੈਨੂੰ ਇਉਂ ਲੱਗਿਆ ਕਿ ਤਰੌਜਾ ਲਿਜਾਣ ਵਾਲਾ ਜੱਟ ਹੋਰ ਸੀ, ਇਹ ਤਾਂ ਪੈਂਟ ਸ਼ਰਟ ਵਾਲਾ ਕੋਈ ਹੋਰ ਈ ਪੜ੍ਹਿਆ ਲਿਖਿਆ ਬੰਦਾ ਹੈ। ਮੇਰੇ ਮਨ ਵਿਚ ਸੱਧਰ ਜਾਗੀ ਕਾਸ਼! ਮੈਂ ਵੀ ਉਨ੍ਹਾਂ ਕੁਰਸੀਆਂ ਵਿਚੋਂ ਇਕ ਤੇ ਉਸ ਨਾਲ ਬੈਠਾ ਹੋਵਾਂ। ਉਹ ਸਟੀਲ ਦੇ ਗਿਲਾਸਾਂ ਵਿਚ ਪੀ ਰਹੇ ਸੀ। ਉਸ ਸਮੇਂ ਕਿਸੇ ਦੇ ਵਿਆਹ ਸਮੇਂ ਸਾਰੇ ਹੀ ਪੱਟੜੀ ਫੇਰ ਪਿੰਡਾਂ ਦੇ ਲੋਕ ਅਖਾੜਾ ਸੁਣਨ ਪਹੁੰਚ ਜਾਂਦੇ ਸੀ, ਉਹ ਲਵਾਇਆ ਹੀ ਆਮ ਲੋਕਾਂ ਨਾਲ ਖੁਸ਼ੀ ਸਾਂਝੀ ਕਰਨ ਲਈ ਹੁੰਦਾ ਸੀ, ਪਰ ਜਾਨੀਆਂ ਤੋਂ ਬਗ਼ੈਰ ਬਾਕੀਆਂ ਲਈ ਖਾਣ ਪੀਣ ਦੀ ਅਣਕਹੀ ਮਨਾਹੀ ਹੁੰਦੀ ਸੀ।

ਝਾਤ ਦੀ ਆਸ ਅਤੇ ਭੁਲੇਖਾ : ਬਠਿੰਡੇ ਕਾਲਜੋਂ ਛੁੱਟੀ ਵਾਲੇ ਦਿਨ ਭੈਣ ਘਰ ਇਮਤਿਹਾਨਾਂ ਦੀ ਤਿਆਰੀ ਕਰਦਿਆਂ ਛੱਤ ਤੇ ਪਿਆ ਸੁਸਤਾ ਰਿਹਾ ਹਾਂ, ਅਚਾਨਕ ਕਿਤੇ ਨੇੜੇ ਹੀ ਅਖਾੜਾ ਲੱਗਣ ਵਰਗੀ ਕਮੈਂਟਰੀ ਅਤੇ ਮੁਹੰਮਦ ਸਦੀਕ ਅਤੇ ਰਣਜੀਤ ਕੌਰ ਦੀ ਆਵਾਜ਼ ਵਿਚ ਹੁਣ ਤਕ ਨਾ ਸੁਣਿਆ ਨਵਾਂ ਗਾਣਾ ਸੁਣਾਈ ਦਿੰਦਾ ਹੈ, ਮੈਂ ਹੈਰਾਨ ਹੁੰਦਾ ਹਾਂ, ਪਿੰਡਾਂ ਵਿਚ ਤਾਂ ਅਕਸਰ ਅਖਾੜੇ ਲਗਦੇ ਰਹਿੰਦੇ ਹਨ ਪਰ ਸ਼ਹਿਰ ਵਿਚ ਅਜਿਹਾ ਪਹਿਲੀ ਵਾਰ ਸੁਣ ਰਿਹਾ ਸੀ, ਮੈਂ ਸਾਈਕਲ ਚੱਕਿਆ ਅਤੇ ਵਾਹੋ ਦਾਹੀ ਆਵਾਜ਼ ਦੀ ਸੇਧ ਨਵੀਂ ਆਬਾਦ ਹੋ ਰਹੀ ਕਲੋਨੀ ਦੀਆਂ ਅਣਬਣੀਆਂ



* ਪ੍ਰੋਫੈਸਰ ਪੰਜਾਬੀ ਵਿਭਾਗ ਅਤੇ ਡੀਨ ਭਸ਼ਾਵਾਂ,ਪੰਜਾਬੀ ਯੂਨੀਵਰਸਿਟੀ, ਪਟਿਆਲਾ। ਮੋ.98150-50617

ਗਲੀਆਂ ਟੇਢੀਆਂ ਮੇਢੀਆਂ ਪਗਡੰਡੀਆਂ, ਅੱਕਾਂ, ਢੱਕਾਂ, ਪੋਹਲੀਆਂ, ਰੇਤੇ ਵਿਚ ਸਾਈਕਲ ਧੂੰਹਦਾ ਪੰਦਰਾਂ ਕੁ ਮਿੰਟਾਂ ਵਿੱਚ ਆਵਾਜ਼ ਦੇ ਸ੍ਰੋਤ ਕੋਲ ਪੁੱਜਿਆ ਤਾਂ ਉਥੇ ਕੋਈ ਅਖਾੜਾ ਨਹੀਂ ਸੀ, ਸਧਾਰਨ ਇੱਕ ਕਮਰੇ ਵਾਲੇ ਬਿਨ੍ਹਾਂ ਵਲਗਣ ਦੇ ਘਰ ਕੋਲ ਵਿਆਹ ਵਾਲੀ ਚਾਨਣੀ ਲੱਗੀ ਹੋਈ ਸੀ, ਛੱਤ ਤੇ ਮੰਜੇ ਜੋੜਕੇ ਸਪੀਕਰ ਲੱਗਿਆ ਸੀ, ਉਥੇ ਨਾ ਮੁਹੰਮਦ ਸਦੀਕ ਨਾ ਰਣਜੀਤ ਕੌਰ, ਨਾ ਜਾਨੀ, ਨਾ ਮੇਲੀ, ਉਸ ਸਮੇਂ ਟਾਵੀਂ ਟਾਵੀਂ ਟੇਪਰਿਕਾਰਡ ਪ੍ਰਚਲਤ ਹੋ ਰਹੀ ਸੀ। ਮੈਂ ਅੰਦਾਜਾ ਲਾਇਆ ਕਿ ਕਿਸੇ ਨੇ ਅਖਾੜਾ ਰਿਕਾਰਡ ਕਰਕੇ ਸਪੀਕਰ ਤੇ ਲਾਇਆ ਹੋਇਆ ਹੈ। ਇਹ ਤਾਂ ਕੁਝ ਦਿਨਾਂ ਬਾਅਦ ਪਤਾ ਲੱਗਾ ਕਿ ਬਾਬੂ ਸਿੰਘ ਮਾਨ ਮਰਾੜ੍ਹਾਂ ਵਾਲੇ ਦੀ ਨਵੀਂ ਸ਼ਰਾਰਤ ਸੀ, ਜਦੋਂ ਘਰ ਘਰ ਇਹ ਸਟੂਡੀਓ ਰਿਕਾਰਡ ਅਖਾੜੇ ਦਾ ਤਵਾ ਵੱਜਣ ਲੱਗਾ। ਅਸਲ ਵਿਚ ਤਾਂ ਮਾਨ ਨੂੰ ਸਰੋਤਿਆਂ ਦੀ ਨਬਜ਼ ਦਾ ਪਤਾ ਸੀ ਅਤੇ ਉਹ ਨਵੇਂ ਪ੍ਰਯੋਗ ਵੀ ਕਰਦਾ ਰਿਹਾ ਹੈ। ਦੂਜੀ ਝਾਤ : ਕੋਟਕਪੂਰੇ ਕੀੜੇ ਖਾਂ ਸ਼ੁਕੀਨ ਦਾ ਘਰ : ਉਨ੍ਹਾਂ ਦਾ ਬੇਟਾ ਗੁਰਾਂਦਿੱਤਾ ਮੇਰਾ ਬੀ.ਐੱਡ ਦਾ ਕਲਾਸਫੈਲੋ, ਦੀਵਾਲੀ ਦਾ ਦਿਨ ਸ਼ਾਮ ਦਾ ਸਮਾਂ। ਉਨ੍ਹਾਂ ਦੇ ਘਰ ਬੈਠੇ ਅਸੀਂ ਸ਼ੁਗਲ ਕਰ ਰਹੇ ਸੀ। ਦਿਲਸ਼ਾਦ ਅਖ਼ਤਰ ਦੀ ਪਿੱਛੋਂ ਹੋਣ ਵਾਲੀ ਪੂਰੀ ਚੜ੍ਹਾਈ ਹੋਣ ਵਿਚ ਅਜੇ ਸਮਾਂ ਸੀ। ਉਹ ਛੋਟੇ ਮੋਟੇ ਕਾਲਜ ਕਲਾਸਾਂ ਅਤੇ ਵਿਆਹ–ਸ਼ਾਦੀਆਂ ਦੇ ਪ੍ਰੋਗਰਾਮਾਂ ਵਿਚ ਆਪਣੀ ਅਵਾਜ ਅਤੇ ਸੁਰ ਦੇ ਜੌਹਰ ਦਿਖਾ ਰਿਹਾ ਸੀ। ਬਾਬੂ ਸਿੰਘ ਮਾਨ ਆਇਆ ਤੇ ਆਉਂਦਿਆਂ ਹੀ ਮਹਿਫ਼ਲ ਦਾ ਕੇਂਦਰ ਬਣ ਗਿਆ। ਦਿਲਸ਼ਾਦ ਨੇ ਕੁਝ ਸੁਣਾਇਆ ਤਾਂ ਉਸ ਨੇ ਬੈਗ ਵਿਚੋਂ ਨੋਟਾਂ ਦੀ ਗੱਠੀ ਕੱਢੀ ਤੇ ਵਾਰਨੇ ਕਰਨ ਵਾਂਗ ਵਾਰ ਕੇ ਕੀੜੇ ਖਾਂ ਸ਼ੁਕੀਨ ਵੱਲ ਸਰਕਾ ਦਿੱਤੀ। ਇਹ ਮੁੰਡਾ ਬੰਬਈ ਜਾਊਗਾ। ਇਹਦੀ ਰੀਲ ਨਿੱਕਲੂਗੀ। 'ਦੇਸੀ ਬਾਂਦਰੀ ਵਲੈਤੀ ਚੀਕਾਂ ਮਾਰੇ ਮੁੰਡਿਓ' ਆਈ ਤਾਂ ਸਾਰੀ ਮਾਰਕੀਟ ਦੀਆਂ ਚੀਕਾਂ ਨਿੱਕਲ ਗਈਆਂ। ਉਸ ਨੂੰ ਹੀਰੇ ਪਛਾਣਨ ਤੇ ਤਰਾਸ਼ਣ ਦਾ ਵੱਲ ਸੀ।

ਤੀਜੀ ਬਾਤ : ਗੁਰਾਂ ਦਿੱਤੇ ਦਾ ਵਿਆਹ, ਸੰਗਰੂਰ ਜੰਨ ਗਈ। ਬਾਬੂ ਸਿੰਘ ਮਾਨ ਜਾਨੀ ਬਣਿਆ ਹੋਇਆ ਹੈ। ਧਰਮ ਕੰਮੇਆਣਾ ਮੇਰੇ ਨਾਲ ਹੈ। ਮੈਨੂੰ ਬਾਬੂ ਸਿੰਘ ਮਾਨ ਦੇ ਨੇੜੇ ਬਹਿਣ ਦਾ ਚਾਅ ਹੈ। ਉਸ ਦੀਆਂ ਗੱਲਾਂ ਲਤੀਫ਼ੇ ਵਰਗੀਆਂ ਹਨ ਅਤੇ ਲਤੀਫ਼ੇ ਗੱਲਾਂ ਵਾਂਗ ਸੁਣਾਉਂਦਾ ਹੈ। ਉਸ ਨੇ ਅਮਲੀਆਂ ਦੇ ਖੂਹ ਛਾਵੇਂ ਕਰਨ ਤੋਂ ਲੈ ਕੇ ਬੱਕਰੀ ਚੋਣ ਤਕ ਦੀਆਂ ਗੱਲਾਂ ਇਉਂ ਸੁਣਾਈਆਂ ਜਿਵੇਂ ਅਮਲੀ ਕੋਲ ਬੈਠੇ ਹੋਣ। ਹੈਰਾਨੀ ਵਾਲੀ ਗੱਲ ਹੈ ਕਿ ਇਨ੍ਹਾਂ ਵਿਚੋਂ ਇਕ ਵੀ ਲਤੀਫ਼ਾ ਜਨਾਨਾ ਅਸਵਾਰੀ ਵਿਚ ਦਰਜ ਨਹੀਂ ਸੀ। ਉਹ ਥੋੜ੍ਹਾ ਤੇਜ਼ ਬੋਲਦਾ ਸੀ ਪਰ ਉਸ ਨੂੰ ਪ੍ਰਸੰਗ ਅਨੁਸਾਰ ਗੱਲ ਬਨਾਉਣੀ ਤੇ ਸੁਨਾਉਣੀ ਆਉਂਦੀ ਹੈ। ਬਾਅਦ ਦੀ ਝਾਤ : ਉਹ ਹਾਣੀ ਫ਼ਿਲਮ ਦੀ ਪ੍ਰਮੋਸ਼ਨ ਲਈ ਪੰਜਾਬੀ ਯੂਨੀਵਰਸਿਟੀ, ਪਟਿਆਲਾ ਆਇਆ। ਮੱਥੇ ਤੇ ਕੁਝ ਫ਼ਿਕਰਮੰਦੀ। ਪੱਤਰਕਾਰਾਂ ਪੁੱਛਿਆ,

'ਹਿੱਟ ਫ਼ਿਲਮ ਦਾ ਕੋਈ ਫਾਰਮੂਲਾ?' ਕਹਿੰਦਾ ਕੋਈ ਨਹੀਂ। ਹੁੰਦਾ ਤਾਂ ਕੋਈ ਵੀ ਫ਼ਿਲਮ ਫਲਾਪ ਨਾ ਹੋਵੇ।

ਟਿੱਚਰ ਦੀ ਝਲਕ : ਪੰਜਾਬੀ ਕਹਾਣੀਕਾਰ ਬਲਦੇਵ ਧਾਲੀਵਾਲ ਨੇ ਆਪਣੇ ਪਿੰਡ ਕਰਾਈਵਾਲ ਵਿਖੇ ਵੱਡਾ ਸਾਹਿਤਕ ਸਭਿਆਚਾਰਕ ਪ੍ਰੋਗਰਾਮ ਰੱਖਿਆ ਹੋਇਆ ਹੈ। ਦਿਨੇ ਗੋਸ਼ਟੀ, ਰਾਤੀਂ ਅਜਮੇਰ ਔਲਖ ਦਾ ਨਾਟਕ ਅਤੇ ਵਿਚ ਵਿਚਾਲੇ ਸ਼ਾਮੀ ਬਲਦੇਵ ਧਾਲੀਵਾਲ ਦਾ ਆਪਣਾ, ਅਜਮੇਰ ਔਲਖ ਅਤੇ ਬਾਬੂ ਸਿੰਘ ਮਾਨ ਦਾ ਸਨਮਾਨ। ਪਟਿਆਲਿਉਂ ਬਲਦੇਵ ਧਾਲੀਵਾਲ ਦੇ ਮੇਲੀ–ਗੇਲੀ, ਕਿਰਪਾਲ ਕਜ਼ਾਕ, ਦਾਸ ਸਮੇਤ ਪਹੁੰਚੇ ਹੋਏ ਸਨ। ਸਟੇਜ ਤੋਂ ਬਲਦੇਵ ਧਾਲੀਵਾਲ ਦਾ ਪਿੰਡ ਹੋਣ ਕਰਕੇ ਯੂਨੀਵਰਸਿਟੀ ਵਾਲਿਆਂ ਕੁਝ ਵਧੇਰੇ ਹੀ ਤਾਰੀਫ ਕਰ ਦਿੱਤੀ। ਬਾਕੀ ਕਜ਼ਾਕ ਦਾ ਤੁਹਾਨੂੰ ਪਤਾ ਹੀ ਹੈ ਕਿ ਉਹ ਗੱਲਾਂ ਦਾ ਕੜਾਹ ਬਣਾਉਂਦਾ ਵੀ ਵਧੀਆ ਹੈ ਅਤੇ ਵਰਤਾਉਂਦਾ ਵੀ ਗੱਫਿਆਂ ਦੇ ਗੱਫੇ ਹੈ। ਹੁਣ ਅੱਗੋਂ ਵਾਰੀ ਆ ਗਈ ਮਾਨ ਮਰਾੜ੍ਹਾਂਵਾਲੇ ਦੇ ਬੋਲਣ ਦੀ। ਉਸ ਨੇ ਖੰਘੂਰਾ ਮਾਰ ਕੇ ਗਲ਼ ਸਾਫ ਕੀਤਾ ਕਿ ਤੁਸੀਂ ਮੇਰਾ ਸਨਮਾਨ ਕੀਤਾ, ਧੰਨਵਾਦ। ਹੋਰ ਵੀ ਚੰਗੀ ਗੱਲ ਹੋਈ ਕਿ ਤੁਸੀਂ ਆਪਣੇ ਪਿੰਡ ਦੇ ਬਲਦੇਵ ਧਾਲੀਵਾਲ ਦਾ ਸਨਮਾਨ ਕੀਤਾ। ਉਸ ਦੀ ਤਾਰੀਫ ਵਿਚ ਯੂਨੀਵਰਸਿਟੀ ਵਾਲਿਆਂ ਨੇ ਸ਼ਬਦ ਕਹੇ ਉਨ੍ਹਾਂ ਦਾ ਵੀ ਧੰਨਵਾਦ ਪਰ ਮੈਨੂੰ ਇਕ ਗੱਲ ਚੇਤੇ ਆ ਗਈ, ਉਹ ਸੁਣਾਉਂਦਾ ਹਾਂ, 'ਇਕ ਵਾਰ ਹਰਿਆਣੇ ਬਾਂਗਰੂਆਂ ਦੇ ਇਲਾਕੇ ਵਿਚ ਰਹਿੰਦੇ ਭਾਊ ਜੱਟ ਸਿੱਖਾਂ ਨੇ ਅਖੰਡਪਾਠ ਅਤੇ ਕੀਰਤਨ ਦਰਬਾਰ ਕਰਵਾਇਆ। ਭਾਈਬੰਦੀ ਵਿਚ ਹਰਿਆਣਵੀ ਜਾਟ ਭਾਈ ਵੀ ਸੱਦੇ ਹੋਏ ਸਨ। ਕੀਰਤਨ ਦਰਬਾਰ ਖਤਮ ਹੋਇਆ ਤਾਂ ਉਹ ਕਹਿੰਦੇ ਬਈ ਤੁਸੀਂ ਕਿੰਨੇ ਪੈਸੇ ਲੈਂਦੇ ਹੋ? ਆਤੀ ਪੂਰਿਣਮਾ ਕੋ ਹਮਾਰੇ ਗਾਉਂ ਵੀ ਆਣਾ। ਰਾਗੀ ਸਿੰਘ ਪੁੱਛਣ ਲੱਗੇ ਤੁਹਾਨੂੰ ਸਿੱਖੀ ਦੀ ਜਾਗ ਲੱਗੀ ਹੈ ਜੋ ਆਪਣੇ ਗਾਉਂ ਪ੍ਰੋਗਰਾਮ ਕਰਾ ਰਹੇ ਹੋ? ਸਿੱਧ ਪੱਧਰੇ ਹਰਿਆਣਵੀ ਬਾਂਗਰੂ ਜਾਟ ਕਹਿੰਦੇ, ਸਿੱਖੀ ਕਾ ਕੋਈ ਬੇਰੋ ਨਾ, ਹਮੇ ਤੋ ਤੁਮਾਰਾ ਗੜਦੰਬਾ(ਤਬਲਾ) ਪੀਟਣਾ ਘਣਾ ਆਛਾ ਲਾਗੈ। ਹਮਾਰੇ ਗਾਉਂ ਵੀ ਐਸਾ ਹੀ ਗੜਦੰਬਾ ਪੀਟਣਾ। ਸੋ ਭਾਈ ਤੁਸੀਂ ਯੂਨੀਵਰਸਿਟੀ ਵਾਲੇ ਚੰਗਾ ਗੜਦੰਬਾ ਪੀਟਤੇ ਹੋ। ਬਲਦੇਵ ਸਿੰਘ ਦੇ ਪਿੰਡ ਤੁਸੀਂ ਚੰਗਾ ਗੜਦੰਬਾ ਪਿੱਟਿਆ ਹੈ, ਮੈਂ ਪਿੰਡ ਦਾ ਸਰਪੰਚ ਰਿਹੈਂ, ਲੋਕ ਇੱਜ਼ਤ ਵੀ ਕਰਦੇ ਨੇ ਪਰ ਮੇਰੇ ਪਿੰਡ ਕਦੇ ਕਿਸੇ ਨੇ ਅਜਿਹਾ ਗੜਦੰਬਾ ਨੀ ਪਿੱਟਿਆ। ਸੋ ਭਾਈ ਪਿੰਡ ਮਰ੍ਹਾੜ ਆਉਣਾ, ਉਥੇ ਐਸਾ ਈ ਗੜਦੰਬਾ ਪੀਟਣਾ। ਜਾਣੀ ਜਾਣ ਸਰੋਤੇ, ਟਿੱਚਰੀ ਦੀ ਟਿੱਚਰ ਵੀ ਸਮਝ ਗਏ ਤੇ ਉਸ ਪਿੱਛੇ ਛੁਪੀ ਰਮਜ ਵੀ। ਅਜਿਹੀ ਗੋਲ ਮਸ਼ਕਰੀ ਕਰਦਾ ਹੈ, ਨੌਜੁਆਨ ਬਾਬਾ ਮਾਨ ਮਰ੍ਹਾੜਾਂਵਾਲਾ।

ਹੁਣ ਦੀ ਗੱਲ : ਪੀਪਲ ਫ਼ੋਰਮ ਬਰਗਾੜੀ ਵੱਲੋਂ ਬਠਿੰਡੇ ਦਾ ਸਾਹਿਤਕ ਮੇਲਾ, ਸੁਮੇਲ ਸਿੰਘ ਸਿੱਧੂ ਸੂਤਰਧਾਰ, ਮੇਰੇ ਨਾਲ ਕੋ–ਪੈਨਲਿਸਟ ਬਾਬੂ ਸਿੰਘ ਮਾਨ ਮਰਾੜ੍ਹਾਂਵਾਲਾ, ਸਟੇਜ ਤੇ ਬਰਾਬਰ ਕੁਰਸੀ ਡਾਹ ਕੇ ਬੈਠਣ ਦੀ ਕੋਈ 40 ਸਾਲ ਪੁਰਾਣੀ ਖ਼ਾਹਿਸ਼ ਪੂਰੀ ਹੋਈ। ਬੜਾ ਅਜੀਬ ਦ੍ਰਿਸ਼ ਸੀ। ਇਕ ਪਾਸੇ ਵਿਚ ਵਿਚ ਧੌਲੇ ਝਾਕਦੀ ਖੁੱਲ੍ਹੀ ਦਾਹੜੀ ਵਾਲਾ ਸੁਮੇਲ ਸਿੰਘ, ਦੂਜੇ ਪਾਸੇ ਚਿੱਟੀ ਪਰ ਕੱਟੀ ਦਾਹੜੀ ਵਾਲਾ 59 ਸਾਲਾ ਦਾਸ ਅਤੇ ਐਨ ਵਿਚਾਲੇ 80 ਸਾਲਾ, ਕਾਲ਼ੀ ਡੰਝ ਦਾਹੜੀ ਵਾਲਾ ਗੱਭਰੂ ਬਾਬੂ ਸਿੰਘ ਮਾਨ। ਉਸ ਨੇ ਅਜੇ ਵਸਮਾਂ ਲਾਉਣਾ ਨਹੀਂ ਛੱਡਿਆ। ਵਸਮਾਂ ਏਨੀ ਸਫਾਈ ਨਾਲ ਲਾਉਂਦਾ ਜਾਂ ਲਵਾਉਂਦਾ ਹੈ, ਜਿਵੇਂ ਪੇਂਟਰ ਨੇ ਦਾਹੜੀ ਪੇਂਟ ਕੀਤੀ ਹੋਵੇ। ਮੈਂ ਚਾਅ ਨਾਲ ਪੰਜਾਬੀ ਗੀਤਾਂ ਬਾਰੇ ਖੁੱਲ੍ਹ ਕੇ ਗੱਲਾਂ ਕੀਤੀਆਂ। ਉਸ ਨੇ ਗੱਲਾਂ ਭਾਵੇਂ ਘੱਟ ਕੀਤੀਆਂ ਪਰ ਗੀਤ ਤੇ ਕਵਿਤਾਵਾਂ ਖੁੱਲ੍ਹ ਕੇ ਸੁਣਾਈਆਂ। ਉਸਦੇ ਦਿਮਾਗ ਵਿਚ ਅਜੇ ਵੀ ਗੀਤਾਂ ਦੀ ਪਟਾਰੀ ਭਰੀ ਪਈ ਹੈ। ਜਿਸ ਕਾਪੀ ਤੋਂ ਉਹ ਗੀਤ ਸੁਣਾ ਰਿਹਾ ਸੀ, ਉਹ ਮੋਤੀਆਂ ਵਰਗੀ ਲਿਖਾਈ ਨਾਲ ਭਰੀ ਪਈ ਸੀ। ਮੈਨੂੰ ਲੱਗਾ ਇਹ ਮੁਹਾਵਰਾ ਬਹੁਤਾ ਠੀਕ ਨਹੀਂ ਕਿ ਮੋਤੀ ਤਾਂ ਪਰੋਏ ਹੀ ਜਾ ਸਕਦੇ ਹਨ, ਅੱਖਰਾਂ ਨੂੰ ਸੁਹਜ ਨਾਲ ਲਿਖਣਾ ਤਾਂ ਬਹੁਤ ਹੀ ਔਖਾ ਹੈ, ਮੋਤੀਆਂ ਦੀ ਤਾਂ ਆਪਣੀ ਚਮਕ ਹੁੰਦੀ ਹੈ, ਅੱਖਰਾਂ ਨੂੰ ਸੋਹਣੇ ਢੰਗ ਨਾਲ ਲਿਖਣਾ ਇਕ ਕਲਾ ਹੈ। ਉਸ ਦੀ ਖੁਸ਼ਖਤ ਲਿਖਾਈ ਉਪਰ ਉਮਰ ਨੇ ਕੋਈ ਅਸਰ ਨਹੀਂ ਕੀਤਾ ਸੀ, ਸਰੀਰ ਉਪਰ ਸੁਆਹ ਕਰਨਾ ਹੈ।

ਬਾਬੂ ਸਿੰਘ ਮਾਨ ਮਰਾੜ੍ਹਾਂਵਾਲਾ ਪੰਜਾਬੀ ਗੀਤਕਾਰੀ ਦੇ ਇਤਿਹਾਸ ਦਾ ਅਹਿਮ ਮੀਲ-ਪੱਥਰ ਹੈ। ਬਾਬੂ ਸਿੰਘ ਉਸ ਦਾ ਨਾਂ, ਮਾਨ ਉਸ ਦਾ ਗੋਤ ਅਤੇ ਮਰਾੜ੍ਹ(ਫਰੀਦਕੋਟ)ਉਸ ਦਾ ਪਿੰਡ ਪਰ ਪੰਜਾਬੀ ਮਨ ਵਿਚ ਇਹ ਤਿੰਨੇ ਇਕੋ ਹੀ ਹਨ। ਬਾਬੂ ਸਿੰਘ ਮਾਨ ਮਰਾੜ੍ਹਾਂਵਾਲੇ ਦਾ ਜਨਮ 10 ਅਕਤੂਬਰ,1942 ਨੂੰ ਮਾਤਾ ਆਸ ਕੌਰ ਅਤੇ ਪਿਤਾ ਇੰਦਰ ਸਿੰਘ ਦੇ ਘਰ ਹੋਇਆ। ਉਸ ਸਮੇਂ ਬਾਬੂ ਭਾਵ ਨਹਿਰ ਮਹਿਕਮੇ ਦੇ ਓਵਰਸੀਅਰ ਦੀ ਬੜੀ ਚੜ੍ਹਤ ਹੁੰਦੀ ਸੀ ਸ਼ਾਇਦ ਇਸੇ ਕਰਕੇ ਹੀ ਦਾਦਾ ਲਾਲ ਸਿੰਘ ਨੇ ਇਹ ਨਾਂ ਰੱਖਿਆ ਹੋਵੇਗਾ। ਇਹ ਵੀ ਹੋ ਸਕਦਾ ਹੈ ਕਿ ਮਾਲਵੇ ਇਲਾਕੇ ਦੇ ਕਵੀਸ਼ਰ ਬਾਬੂ ਰਜਬ ਅਲੀ ਸਾਹੋਵਾਲੇ ਦੀ ਸ਼ਾਇਰੀ ਦਾ ਪ੍ਰਭਾਵ ਹੋਵੇ। ਉਸ ਨੇ ਨੇੜਲੇ ਪਿੰਡ ਜੰਡ ਸਾਹਿਬ ਦੇ ਸਕੂਲ ਤੋਂ ਪ੍ਰਾਇਮਰੀ ਪਾਸ ਕੀਤੀ ਅਤੇ ਛੇਵੀਂ ਜਮਾਤ ਤੋਂ ਹੀ ਉਸ ਸਮੇਂ ਦੇ ਬਾਲ-ਰਿਸਾਲਿਆਂ ਵਿਚ ਛਪਣਾ ਸ਼ੁਰੂ ਹੋ ਗਿਆ। ਉਸ ਨੇ ਬੀ.ਏ.ਬਰਜਿੰਦਰਾ ਕਾਲਜ ਫਰੀਦਕੋਟ ਤੋਂ ਕੀਤੀ। ਸਾਹਿਤਕ ਪੱਖ ਤੋਂ ਮਹੱਤਵਪੂਰਨ ਗੱਲ ਇਹ ਹੈ ਕਿ ਕਰਤਾਰ ਸਿੰਘ ਬਲੱਗਣ ਦੇ ਪ੍ਰਸਿੱਧ ਰਿਸਾਲੇ ਕਵਿਤਾ ਵਿਚ 'ਦੁੱਧ ਕਾੜ੍ਹ ਕੇ ਜਾਗ ਨਾ ਲਾਵਾਂ ਤੇਰੀਆਂ ਉਡੀਕਾਂ ਹਾਣੀਆਂ' ਗੀਤ ਛਪਿਆ। 1963 ਵਿਚ ਪਹਿਲੀ ਪੁਸਤਕ 'ਗੀਤਾਂ ਦਾ ਵਣਜਾਰਾ' ਛਪੀ। ਪਹਿਲਾ ਗੀਤ ਗੁਰਪਾਲ ਸਿੰਘ ਪਾਲ ਦੀ ਅਵਾਜ ਵਿਚ ਰਿਕਾਰਡ ਹੋਇਆ ਅਤੇ ਉਸ ਤੋਂ ਬਾਅਦ, ਕੀੜੇ ਖਾਂ ਸ਼ੌਕੀਨ, ਹਰਚਰਨ

ਗਰੇਵਾਲ, ਸੁਰਿੰਦਰ ਕੌਰ ਤੋਂ ਲੈ ਕੇ ਸੁਖਵਿੰਦਰ ਤਕ ਲੱਗਭਗ ਪੰਜਾਬੀ ਦੇ ਸਾਰੇ ਨਵੇਂ ਪੁਰਾਣੇ ਗਾਇਕ-ਗਾਇਕਾਵਾਂ ਨੇ ਉਸ ਦੇ ਗੀਤਾਂ ਨੂੰ ਆਵਾਜ ਦਿੱਤੀ। ਹਿੰਦੁਸਤਾਨ ਦੇ ਪ੍ਰਮੁੱਖ ਹਿੰਦੀ ਫਿਲਮਾਂ ਦੇ ਪਿੱਠ-ਵਰਤੀ ਗਾਇਕ-ਗਾਇਕਾਵਾਂ ਖਾਸ ਕਰਕੇ ਮੁਹੰਮਦ ਰਫੀ ਅਤੇ ਲਤਾ ਮੰਗੇਸ਼ਕਰ ਨੇ ਵੀ ਉਸ ਦੇ ਗੀਤ ਗਾਏ। ਪੰਜਾਬੀ ਵਿਚ ਉਸ ਦੇ ਦੋਗਾਣਿਆਂ ਨੂੰ ਸਭ ਤੋਂ ਵੱਧ ਮੁਹੰਮਦ ਸਦੀਕ-ਰਣਜੀਤ ਕੌਰ ਜੋੜੀ ਨੇ ਗਾਇਆ। ਉਸ ਨੇ ਬਹੁਤ ਸਾਰੀਆਂ ਪੰਜਾਬੀ ਫਿਲਮਾਂ ਦੇ ਗੀਤ ਅਤੇ ਸੰਵਾਦ ਵੀ ਲਿਖੇ। ਮਾਨ ਦੇ ਚੁਟਕਲਿਆਂ ਦਾ ਇਕ ਸੰਗ੍ਰਹਿ ਜਨਾਨਾ ਅਸਵਾਰੀ ਵੀ ਪ੍ਰਸਿੱਧ ਹੋਇਆ ਅਤੇ ਵੈਸੇ ਵੀ ਉਸ ਨੂੰ ਨੇੜਿਉਂ ਜਾਣਨ ਵਾਲੇ ਜਾਣਦੇ ਹਨ ਕਿ ਉਹ ਮਹਿਫਲੀ ਬੰਦਾ ਹੈ।

ਬਾਬੂ ਸਿੰਘ ਮਾਨ ਮਰਾੜ੍ਹਾਂਵਾਲੇ ਦੀ ਗੀਤਕਾਰੀ ਨੂੰ ਸਾਰੇ ਪੰਜਾਬੀਆਂ ਨੇ ਰੱਜ ਕੇ ਮਾਣਿਆ ਹੈ ਪਰ ਉਸ ਦਾ ਸਾਹਿਤਕ ਅਤੇ ਸਭਿਆਚਾਰਕ ਮੁੱਲ ਅਕਾਦਮਿਕ ਪੱਧਰ ਤੇ ਬਹੁਤ ਘੱਟ ਅੰਗਿਆ ਗਿਆ ਹੈ। ਇਹ ਬੜਾ ਵਿਰੋਧਾਭਾਸ ਹੈ ਕਿ ਬਾਬੂ ਸਿੰਘ ਮਾਨ ਦੀ ਗੀਤਕਾਰੀ ਨੂੰ ਸਮੂਹ ਪੰਜਾਬੀਆਂ ਨੇ ਅੱਖਾਂ ਤੇ ਬਿਠਾਇਆ ਪਰ ਉਸ ਨੂੰ ਅਕਾਦਮਿਕ ਦਾਇਰਿਆਂ ਵਿਚ ਘੱਟ ਪਰਵਾਨਿਆਂ ਗਿਆ। ਇਸ ਵਰਤਾਰੇ ਨੂੰ ਸਮਝਣ ਲਈ ਸਾਨੂੰ ਇਕ ਪਾਸੇ ਤਾਂ ਪੰਜਾਬੀ ਕਾਵਿ ਚੇਤਨਾ ਤੇ ਨਜਰ ਮਾਰਨੀ ਪਵੇਗੀ ਦੂਸਰੇ ਪਾਸੇ ਪੰਜਾਬੀ ਸਭਿਆਚਾਰ ਦੇ ਅੰਤਰ ਵਿਰੋਧਾਂ ਨੂੰ ਵੀ ਵਾਚਣਾ ਪਵੇਗਾ। ਆਧੁਨਿਕਤਾ ਦੇ ਪ੍ਰਭਾਵ ਅਧੀਨ ਪੰਜਾਬੀ ਕਵਿਤਾ ਆਮ ਜਨਮਾਨਸ ਨਾਲੋਂ ਟੁੱਟ ਕੇ ਮੱਧਵਰਗੀ ਪੜ੍ਹੇ-ਲਿਖੇ ਲੋਕਾਂ ਦੀ ਪਟੜੀ ਚੜ੍ਹ ਗਈ। ਜਿੱਥੇ ਸਾਡੀ ਮੱਧਕਾਲੀ ਕਵਿਤਾ ਸਰੋਤਿਆਂ ਦੇ ਸੁਣਨ ਵਾਲੀ ਚੀਜ ਸੀ, ਉਥੇ ਤਥਾਕਥਿਤ ਆਧੁਨਿਕ ਕਵਿਤਾ ਪੁਸਤਕਾਂ ਵਿਚ ਬੰਦ ਪਾਠਕਾਂ ਦੇ ਪੜ੍ਹਨ ਵਾਲੀ ਸ਼ੈਅ ਸੀ। ਪੁਰਾਣੀ ਮੱਧਕਾਲੀ ਕਵਿਤਾ ਦੇ ਪਵਿੱਤਰ ਗੁਰਬਾਣੀ ਰੂਪ ਨੂੰ ਕੀਰਤਨੀਏ ਸਿੰਘ ਗਾਉਂਦੇ ਸਨ, ਇਸੇ ਤਰ੍ਹਾਂ ਵਾਰਕਾਰਾਂ ਦੀਆਂ ਵਾਰਾਂ ਨੂੰ ਢਾਡੀ ਗਾਉਂਦੇ ਸਨ, ਸੂਫੀਆਂ ਦੇ ਕਲਾਮ ਨੂੰ ਕਵਾਲ ਗਾਉਂਦੇ ਸਨ ਅਤੇ ਕਿੱਸਿਆਂ ਨੂੰ ਲੋਕ ਗਾਇਕ ਗਾਉਂਦੇ ਸਨ। ਆਧੁਨਿਕਤਾ ਦੇ ਪ੍ਰਭਾਵ ਅਧੀਨ ਕਵਿਤਾ ਗਾਉਣ ਨਾਲੋਂ ਟੁੱਟ ਗਈ। ਇਸ ਤਰ੍ਹਾਂ ਕਵਿਤਾ ਦੀਆਂ ਦੋ ਧਾਰਾਵਾਂ ਵਿਕਸਤ ਹੋਣ ਲੱਗੀਆਂ। ਇਕ ਪਾਸੇ ਮੱਧਵਰਗੀ ਪੜ੍ਹਿਆਂ ਲਿਖਿਆਂ ਦੀ ਪੁਸਤਕੀ ਕਵਿਤਾ ਸੀ ਤੇ ਦੂਸਰੇ ਪਾਸੇ ਆਮ ਲੋਕਾਂ ਨੂੰ ਕੁਝ ਦੇਰ ਸਟੇਜੀ ਕਵੀਆਂ ਨੇ ਸਾਂਭੀ ਰੱਖਿਆ ਅਤੇ ਮੁੜ ਗੀਤਕਾਰਾਂ ਨੇ ਉਨ੍ਹਾਂ ਦੀ ਕਾਵਿ ਭੁੱਖ ਨੂੰ ਪੂਰਿਆਂ ਕੀਤਾ। ਨਵੀਆਂ ਵਿਗਿਆਨਕ ਕਾਢਾਂ ਖਾਸ ਕਰਕੇ ਗ੍ਰਾਮੋਫੋਨ ਦੇ ਆਉਣ ਨਾਲ ਗੀਤਕਾਰ,ਗਾਇਕ ਅਤੇ ਸੰਗੀਤਕਾਰ ਦੀ ਗੈਰਹਾਜਰੀ ਵਿਚ ਵੀ ਗੀਤ ਦਾ ਸੰਗੀਤ ਨਾਲ ਸੰਗਮ ਸੁਣਿਆ ਜਾ ਸਕਦਾ ਸੀ। ਫਿਲਮਾਂ ਵਿਚ ਵੀ ਗੀਤ ਆਉਣ ਲੱਗੇ ਅਤੇ ਰੇਡੀਓ ਉਪਰ ਵੀ ਗੀਤ ਵੱਜਣ ਲੱਗੇ। ਬਾਅਦ ਵਿਚ ਕੈਸਟ ਰਿਕਾਰਡਰਾਂ, ਸੀ.ਡੀ.ਪਲੇਅਰਾਂ ਅਤੇ ਟੈਲੀਵਿਜਨ ਨੇ ਗੀਤਕਾਰੀ ਅਤੇ ਗਾਇਕੀ ਦੀ ਵੱਡੀ ਮੰਡੀ ਪੈਦਾ ਕੀਤੀ, ਯੂਟਿਊਬ ਨੇ ਤਾਂ ਹੱਦ ਹੀ ਮੁਕਾ ਦਿੱਤੀ।

ਇਸ ਮੰਡੀ ਦੇ ਪੈਦਾ ਹੋਣ ਨਾਲ ਗੀਤ ਘਰ ਘਰ ਪੁੱਜਿਆ ਪਰ ਇਸ ਦੇ ਨਾਲ ਇਸ ਵਿਚ ਮੰਡੀ ਦੀਆਂ ਸਾਰੀਆਂ ਅਲਾਮਤਾਂ ਵੀ ਆ ਗਈਆਂ। ਇਹ ਸੂਖਮ ਸੁੱਚੇ ਭਾਵਾਂ ਨਾਲੋਂ ਟੁੱਟ ਕੇ ਵਿਕਦੀਆਂ ਉਤੇਜਿਤ ਕਾਮਨਾਵਾਂ ਨਾਲ ਜੁੜ ਗਿਆ। ਇਕ ਤਰ੍ਹਾਂ ਨਾਲ ਗੀਤ ਸਾਹਿਤਕ ਰੂਪ ਵਜੋਂ ਹੀ ਬਦਨਾਮ ਹੋ ਗਿਆ। ਅਜਿਹੀ ਹਨੇਰੀ ਵਿਚ ਚੰਗੇ ਮਾੜੇ ਗੀਤਕਾਰ ਦੀ ਪਛਾਣ ਨਾ ਰਹੀ ਅਤੇ ਸਾਰੇ ਗੀਤਕਾਰਾਂ ਨੂੰ ਇਕੋ ਰੱਸੇ ਹੀ ਬੰਨ੍ਹ ਲਿਆ ਗਿਆ। ਇਸ ਹਨੇਰੀ ਵਿਚ ਹੀ ਖ਼ੂਬਸੂਰਤ ਗੀਤ ਲਿਖਣ ਵਾਲੇ ਬਾਬੂ ਸਿੰਘ ਮਾਨ, ਇੰਦਰਜੀਤ ਹਸਨਪੁਰੀ, ਦੇਵ ਥਰੀਕਿਆਂ ਵਾਲਾ, ਜਨਕ ਸ਼ਰਮੀਲਾ, ਗੁਰਦਾਸ ਮਾਨ ਆਦਿ ਮੌਜੂਦ ਸਨ ਜਿਨ੍ਹਾਂ ਨੇ ਨੰਦ ਲਾਲ ਨੂਰਪੁਰੀ ਅਤੇ ਫਿਰੋਜਦੀਨ ਸ਼ਰਫ ਵਰਗਿਆਂ ਦਾ ਵਿਰਸਾ ਸਾਂਭਿਆ ਹੋਇਆ ਸੀ।

ਬਾਬੂ ਸਿੰਘ ਮਾਨ ਦੀ ਗੀਤਕਾਰੀ ਉਪਰ ਵਿਚਾਰਨ ਤੋਂ ਪਹਿਲਾਂ ਪੰਜਾਬ ਦੇ ਸਭਿਆਚਾਰ ਨੂੰ ਸਮਝਣਾ ਬਹੁਤ ਜਰੂਰੀ ਹੈ। ਬਾਬੂ ਸਿੰਘ ਮਾਨ ਇਕ ਅਜਿਹਾ ਗੀਤਕਾਰ ਹੈ ਜੋ ਸਮੇਂ ਦੇ ਨਾਲ ਪੰਜਾਬੀ ਸਭਿਆਚਾਰ ਵਿਚ ਆਏ ਬਦਲਾਓ ਨੂੰ ਵੀ ਫੜਦਾ ਰਿਹਾ ਹੈ ਅਤੇ ਉਹ ਪੇਂਡੂ ਪੰਜਾਬੀ ਸਭਿਆਚਾਰ ਦਾ ਨਾ ਕੇਵਲ ਡੂੰਘਾ ਜਾਣਕਾਰ ਹੈ ਸਗੋਂ ਉਸ ਨੂੰ ਪੰਜਾਬੀ ਮੁਹਾਵਰੇ ਉਪਰ ਵੀ ਵਸੀਕਾਰ ਹੈ। ਪੰਜਾਬੀ ਸਭਿਆਚਾਰ ਖਾਸ ਕਰਕੇ ਮਲਵਈ ਸਭਿਆਚਾਰ ਥੁੜ ਦਾ ਸਭਿਆਚਾਰ ਸੀ। ਸਭ ਤੋਂ ਵੱਡੀ ਸਮੱਸਿਆ ਜਮੀਨ ਦੇ ਘੱਟ ਹੋਣ ਕਾਰਨ ਅਤੇ ਔਰਤਾਂ ਦੀ ਘਾਟ ਕਾਰਨ ਕੁਝ ਮਰਦਾਂ ਦੇ ਛੜੇ ਰਹਿਣ ਦੀ ਸੀ। ਇਸੇ ਕਾਰਨ ਹੀ ਪੰਜਾਬੀ ਲੋਕਗੀਤਾਂ ਵਿਚ ਛੜੇ ਦਾ ਚਰਿੱਤਰ ਵਾਰ ਵਾਰ ਪੇਸ਼ ਹੁੰਦਾ ਹੈ ਤੇ ਪੰਜਾਬੀ ਗੀਤਾਂ ਵਿਚ ਵੀ ਛੜੇ ਦਾ ਜਿਕਰ ਆਮ ਹੈ। ਵਿਆਹ ਲਈ ਟੇਕ ਭਰਜਾਈ ਉਪਰ ਹੀ ਹੁੰਦੀ ਸੀ ਅਤੇ ਇਸ ਲਈ ਸਭ ਤੋਂ ਢੁਕਵੀਂ ਥਾਂ ਭਰਾ ਦੇ ਸਹੁਰੇ ਹੀ ਸੀ ਕਿਉਂਕਿ ਪੰਜਾਬੀ ਸਭਿਆਚਾਰ ਵਿਚ ਪਿੰਡੋਂ ਬਾਹਰਲੇ ਜਾਤ ਅੰਦਰ ਪਰ ਗੋਤ ਬਾਹਰੇ ਵਿਆਹ-ਪ੍ਰਬੰਧ ਵਿਚ ਭਾਬੀ ਦਾ ਪਰਿਵਾਰ ਹੀ ਇਕ ਅਜਿਹਾ ਪਰਿਵਾਰ ਸੀ ਜਿਥੋਂ ਰਿਸ਼ਤਾ ਹੋ ਸਕਦਾ ਸੀ। ਇਸ ਲਈ ਭਾਬੀ ਪੰਜਾਬੀ ਗੀਤਾਂ ਦੀ ਕੇਂਦਰੀ ਪਾਤਰ ਬਣਦੀ ਰਹੀ ਹੈ। ਮਾਨ ਦੇ ਦੋਗਾਣਿਆਂ ਵਿਚ ਖਾਸ ਕਰਕੇ ਭਾਬੀ ਦੀਆਂ ਬਹੁਤੀਆਂ ਮਿੰਨਤਾਂ ਰਿਸ਼ਤਾ ਲੈਣ ਲਈ ਹੀ ਕੀਤੀਆਂ ਮਿਲਦੀਆਂ ਹਨ।

ਦਿਓਰ : ਇੱਕ ਗੱਲ ਸੁਣ ਵੱਡੀਏ ਭਰਜਾਈਏ, ਤੈਨੂੰ ਦਿਲ ਦਾ ਹਾਲ ਸੁਣਾਈਏ

ਕਿਧਰੇ ਛੜੇ ਹੀ ਨਾ ਮਰ ਜਾਈਏ, ਮੰਨ ਲੈ ਮਿੰਨਤ ਵਿਚਾਰੇ ਦੀ

ਡੁਬਦੀ ਬੇੜੀ ਪਾਰ ਲੰਘਾ ਦੇ, ਦਿਓਰ ਵਿਚਾਰੇ ਦੀ

ਭਾਬੀ : ਅੱਖੀਂ ਪਾ ਸੁਰਮੇ ਦੀ ਧਾਰੀ, ਵੇਹਲਾ ਰਹੇਂ ਦਿਹਾੜੀ ਸਾਰੀ

ਤੈਨੂੰ ਚੜ੍ਹੀ ਜਵਾਨੀ ਨਿਆਰੀ, ਬਣਕੇ ਰਹਿਨੈਂ ਜਾਨੀ ਵੇ

ਵਿਹਲੜ ਦੇ ਲੜ ਕੀਕਣ ਲਾਂ ਦਿਆਂ ਧੀ ਬੇਗਾਨੀ ਵੇ

ਬਦਲ ਰਹੇ ਸਭਿਆਚਾਰ ਅਨੁਸਾਰ ਦਿਉਰ ਦੀ ਫਰਮਾਇਸ਼ ਵੀ ਵਿਸ਼ੇਸ਼ ਹੁੰਦੀ ਜਾਂਦੀ ਹੈ। ਕਦੇ ਉਹ ਚੰਡੀਗੜ੍ਹ ਪੜ੍ਹਦੀ ਕੁੜੀ ਦੀ ਮੰਗ ਕਰਦਾ ਹੈ ਅਤੇ ਕਦੇ ਜਿਹੜੀ ਦਫਤਰ ਵਿਚ ਸਟੈਨੋ ਹੈ, ਉਹ ਉਸ ਦੀ ਮੰਗ ਬਣ ਜਾਂਦੀ ਹੈ। ਦਿਉਰ ਦੇ ਉਲਟ ਛੜਾ ਜੇਠ ਹਮੇਸ਼ਾ ਹੀ ਦੁਰਕਾਰਿਆ ਪਾਤਰ ਰਿਹਾ ਹੈ ਕਿਉਂਕਿ ਉਹ ਪਹਿਲਾਂ ਹੀ ਪੰਜਾਬੀ ਖਾਸ ਕਰਕੇ ਮਲਵਈ ਜੱਟ ਕਿਸਾਨੀ ਦੇ ਸਭਿਆਚਾਰ ਦੇ ਵਿਆਹ-ਪ੍ਰਬੰਧ ਦੀਆਂ ਗਿਣਤੀਆਂ ਮਿਣਤੀਆਂ ਵਿਚ ਹਾਸ਼ੀਆਕ੍ਰਿਤ ਪਾਤਰ ਹੈ ਜੋ ਕੰਨੀ ਦੇ ਕਿਆਰੇ ਵਾਂਗ ਤੀਵੀਂ ਸੁੱਖ ਦੇ ਸਾਥ ਤੋਂ ਸੁੱਕਾ ਰਹਿ ਗਿਆ ਹੁੰਦਾ ਹੈ। ਉਸ ਦੇ ਵਿਆਹ ਦੀ ਆਸ ਟੁੱਟ ਚੁੱਕੀ ਹੁੰਦੀ ਹੈ। ਅਕਸਰ ਜੇਠ ਦਾ ਚਰਿੱਤਰ ਨਾ ਕੇਵਲ ਨਸ਼ੱਈ ਅਤੇ ਵੈਲੀ ਦਾ ਹੀ ਹੁੰਦਾ ਹੈ ਸਗੋਂ ਉਹ ਠਰਕੀ ਸੁਭਾਅ ਦਾ ਹੁੰਦਾ ਹੈ। ਉਸ ਕੋਲ ਮਰਿਯਾਦਾਬੱਧ ਪੁੰਨ ਦੇ ਸਾਕ ਤੋਂ ਬਗੈਰ ਕਰੇਵੇ ਜਾਂ ਮੁੱਲ ਦੇ ਵਿਆਹ ਦੀ ਚੋਣ ਹੀ ਬਾਕੀ ਹੁੰਦੀ ਹੈ ਅਤੇ ਅਕਸਰ ਉਹ ਜੇ ਥੋੜ੍ਹੀ ਜਮੀਨ ਦਾ ਮਾਲਕ ਹੋਵੇ ਤਾਂ ਉਸ ਆਸਰੇ ਅਜਿਹਾ ਅੱਕ ਵੀ ਚੱਬਦਾ ਹੈ। ਜੇ ਸਥਿਤੀ ਦਾ ਸਧਾਰਨੀਕਰਨ ਕਰੀਏ ਤਾਂ ਜਮੀਨ ਵੰਡੀ ਜਾਣ ਦੇ ਡਰੋਂ ਭਰਜਾਈ ਜਮੀਨ ਸਾਂਝੀ ਰੱਖਣ ਖਾਤਰ ਤਨ ਸਾਂਝਾ ਕਰ ਲੈਂਦੀ ਹੈ ਪਰ ਜੇਕਰ ਸਮਾਜਿਕ ਮਰਿਯਾਦਾ ਦੀ ਬੱਝੀ ਉਹ ਅਜਿਹਾ ਕਰਨ ਤੋਂ ਇਨਕਾਰੀ ਹੋ ਜਾਂਦੀ ਹੈ ਤਾਂ ਸਮੱਸਿਆ ਖੜੀ ਹੋ ਜਾਂਦੀ ਹੈ। ਇਹੀ ਸਮੱਸਿਆ ਨੂੰ ਮਾਲਵੇ ਦੇ ਗਲਪਕਾਰਾਂ ਅਤੇ ਨਾਟਕਕਾਰਾਂ ਨੇ ਵੀ ਆਪੋ ਆਪਣੀ ਵਿਧਾ ਵਿਚ ਪੇਸ਼ ਕੀਤਾ ਹੈ। ਖਾਸ ਕਰਕੇ ਅਜਮੇਰ ਸਿੰਘ ਔਲਖ ਦੇ ਨਾਟਕ ਇਕ ਰਮਾਇਣ ਹੋਰ ਅਤੇ ਮਾਨ ਦੇ ਗੀਤ 'ਹਾਏ ਨੀ ਘੁੰਢ ਛੱਡਣਾ ਪਊ' ਵਿਚ ਵਿਸ਼ੇ ਦੀ ਸਮਾਨਤਾ ਹੈ। ਬਾਬੂ ਸਿੰਘ ਮਾਨ ਮਰਾੜ੍ਹਾਂਵਾਲੇ ਦੇ ਬਹੁਤੇ ਦੋਗਾਣੇ ਦਿਉਰ-ਭਾਬੀ, ਜੇਠ-ਭਾਬੀ ਅਤੇ ਜੀਜਾ-ਸਾਲੀ ਦੇ ਰਿਸ਼ਤੇ ਦੁਆਲੇ ਘੁੰਮਦੇ ਹਨ। ਪੰਜਾਬੀ ਪੇਂਡੂ ਸਮਾਜ ਦੀਆਂ ਤਲਖ ਹਕੀਕਤਾਂ ਤੋਂ ਅਨਜਾਣਾਂ ਲਈ ਇਹ ਗੀਤ ਫਾਹਸ਼ ਹਨ ਜਦੋਂ ਕਿ ਪੇਂਡੂਆਂ ਲਈ ਇਹ ਧੁਰ ਅੰਦਰ ਦੀ ਆਵਾਜ ਹਨ। ਇਸੇ ਲਈ ਸਾਹਿਤਕ ਹਲਕੇ ਮਾਨ ਨੂੰ ਮਾਣ ਦੇਣ ਤੋਂ ਇਨਕਾਰੀ ਰਹੇ ਪਰ ਪੇਂਡੂ ਇਸ ਨੂੰ ਸਨਮਾਨਦੇ ਰਹੇ।

ਔਰਤ : ਜੇਠ ਮੇਰੇ ਦੇ ਘਰ-ਵਾਲੀ ਤੇਰੀ ਭਰਜਾਈ ਵੇ

ਇਕ ਸਾਲ ਵਿਚ ਹੁਣ ਉਹ ਪੰਦਰਵੇ ਥਾਂ ਆਈ ਵੇ

ਪਤਾ ਲੱਗੂ ਜਦ ਚਾਦਰ ਪਾੜ ਪਟੋਲੇ ਕਰ ਚੱਲੀ

ਅੱਧੀ ਭੋਇ ਦਾ ਮਾਲਕ ਏਥੇ ਜੰਮਕੇ ਧਰ ਚੱਲੀ

ਮਰਦ : ਖਿੜਕੀ ਉਹਲੇ ਖੜ੍ਹਕੇ ਵੜਕੇ ਵਿਚ ਚੁਬਾਰੇ ਦੇ

(ਕਦੇ) ਚੋਹਲ -ਮੁਹਲ ਤਾਂ ਵੇਖੀਂ ਅਪਣੇ ਜੇਠ ਪਿਆਰੇ ਦੇ

ਉਹ ਕਹਿੰਦਾ ਮੈਂ ਕਾਕਾ ਦੇਹਰਾ-ਦੂਨ ਪੜ੍ਹਾਉਣਾ ਏਂ

ਜਦ ਇਹ ਵੱਡਾ ਹੋ ਗਿਆ ਠਾਣੇਦਾਰ ਬਣਾਉਣਾ ਏਂ

ਔਰਤ : ਬੁੱਕੀਂ ਵੜੇ ਪਕਾਉਂਦਾ ਰਹਿੰਦਾ ਜੇਠ ਨਿਮਾਣਾ ਏਂ

ਵੱਡਾ ਹੋ ਇਹ ਖੌਰੇ ਕਿਸ ਭੜੂਏ ਤੇ ਜਾਣਾ ਏਂ

ਜਾਨ ਅਸਾਡੀ ਨੂੰ ਕਜੀਆ ਪੌਣਾ ਸੀ ਪਾ ਦਿੱਤਾ

ਸੱਤ-ਬੇਗਾਨਾ ਸਾਡਾ ਨਵਾਂ ਸ਼ਰੀਕ ਬਣਾ ਦਿੱਤਾ

ਇਸੇ ਪ੍ਰਕਾਰ ਦੀ ਇਕ ਹੋਰ ਉਦਾਹਰਨ ਵਾਚਣਯੋਗ ਹੈ :

ਔਰਤ : ਮੈਂ ਮਰ ਗਈ ਵੇ ਘੁੰਡ ਕੱਢਣਾ ਪਊ

ਮਰਦ : ''ਮੈਂ ਅੱਧ ਵੰਡਾ ਲਊਂ ਘਰ ਵਿਚੋਂ''

ਕੱਲ੍ਹ ਭਰੀ ਪੰਚਾਇਤ 'ਚ ਕਹਿ ਅਇਆ

ਜੇ ਯੂ.ਪੀ ਸੀ.ਪੀ ਚੋਂ ਕਿਧਰੋਂ

ਕੋਈ ਬਾਗੜਨੀ ਜਿਹੀ ਲੈ ਆਇਆ

ਔਰਤ : ਇਹ ਕਲਯੁਗ ਬੁਰਾ ਜ਼ਮਾਨਾ ਵੇ

ਉਹ ਲੱਭਦਾ ਫਿਰੇ ਬਹਾਨਾ ਵੇ

ਗੱਲ ਠੀਕ ਹੈ ਤੇਰੀ ਮਾਨਾ ਵੇ, ਘੁੰਢ ਛੱਡਣਾ ਪਊ...

ਬਾਬੂ ਸਿੰਘ ਮਾਨ ਮਰਾੜ੍ਹਾਂ ਵਾਲੇ ਨੇ ਅੱਲ੍ਹੜ ਕੁਆਰੇ ਪਿਆਰ ਭਾਵਾਂ ਨੂੰ ਜ਼ੁਬਾਨ ਦਿੱਤੀ ਹੈ ਪਰ ਜਿਵੇਂ ਅਸੀਂ ਜਾਣਦੇ ਹੀ ਹਾਂ ਕਿ ਪੰਜਾਬੀ ਸਮਾਜ ਵਿਚ ਅਜੇ ਤਕ ਵੀ ਪਿਆਰ ਵਿਆਹ ਸੰਭਵ ਨਾ ਹੋਣ ਕਾਰਨ ਵਿਛੋੜਾ ਅਟੱਲ ਹੈ। ਇਸ ਦਾ ਕਾਰਨ ਬੰਦ-ਸਮਾਜ ਪ੍ਰਬੰਧ ਵੀ ਹੈ ਅਤੇ ਪਿੰਡ ਅੰਦਰ ਵਿਆਹ ਦੀ ਮਨਾਹੀ ਵੀ। ਅਜਿਹੀ ਸਥਿਤੀ ਵਿਚ ਆਸ਼ਕ-ਮਾਸ਼ੂਕਾਂ ਦੀ ਸਥਿਤੀ ਜਾਂ ਤਾਂ ਹੀਰ-ਰਾਂਝੇ ਵਾਂਗ ਵਿਛੋੜੇ ਦੀ ਹੁੰਦੀ ਹੈ ਜਾਂ ਮਿਰਜੇ ਵਾਂਗ ਕੱਢ ਕੇ ਲੈ ਜਾਣ ਬਾਅਦ ਮਰ ਜਾਣ ਦੀ ਹੁੰਦੀ ਹੈ ਅਤੇ ਜਾਂ ਫਿਰ ਸੋਹਣੀ ਮਹੀਂਵਾਲ ਵਾਂਗ ਚੋਰੀਓਂ ਮਿਲਣ ਦੀ ਹੁੰਦੀ ਹੈ। ਪੰਜਾਬੀ ਗੀਤਾਂ ਵਿਚ ਇਹ ਤਿੰਨੇ ਲੋਕ ਗਾਥਾਈ ਪਿਆਰ ਕਹਾਣੀਆਂ ਦੇ ਆਰਕੀਟਾਈਪ ਵਾਰ ਵਾਰ ਦੁਹਰਾਏ ਗਏ ਹਨ। ਇਨ੍ਹਾਂ ਗੀਤਾਂ ਨੂੰ ਪੁਰਾਣੀਆਂ ਪ੍ਰੀਤ ਕਹਾਣੀਆਂ ਦੇ ਨਵੇਂ ਰੂਪਾਂਤਰਾਂ ਵਜੋਂ ਵੀ ਪੜ੍ਹਿਆ ਜਾ ਸਕਦਾ ਹੈ। ਹੇਠ ਲਿਖੇ ਗੀਤ ਨੂੰ ਸੋਹਣੀ-ਮਹੀਂਵਾਲ ਦੇ ਨਵੇਂ ਪ੍ਰਸੰਗ ਵਿਚ ਵੇਖਿਆ ਜਾ ਸਕਦਾ ਹੈ :

ਔਰਤ : ਨਵੇਂ ਚੰਦ ਹੋਰ ਹੀ ਚੜ੍ਹਾ 'ਤੇ ਪੰਚਾਇਤ ਨੇ

ਗਲੀਆਂ 'ਚ ਬਲਬ ਲਵਾ 'ਤੇ ਪੰਚਾਇਤ ਨੇ

ਖੰਭ ਹੁੰਦੇ ਉੱਡ ਕੇ ਉਡਾਰੀ ਮਾਰ ਜਾਂਦੀ

ਬਹਿ ਗਈ ਰੌਸ਼ਨੀ ਰੋਕ ਕੇ ਰਾਹਵਾਂ

ਮੇਰਾ ਕੀ ਕਸੂਰ ਮਿਤਰਾ... ਭਾਵੇ ਰੱਖ ਕੇ

ਭਾਵੇਂ ਰੱਖ ਕੇ ਤਲੀ ਤੇ ਸਿਰ ਆਵਾਂ

ਮੈਂ ਆਵਾਂਗੀ ਜ਼ਰੂਰ ਮਿੱਤਰਾ

ਪਿਆਰ ਵਿਚ ਵਿਛੋੜਾ ਸਦੀਵੀ ਭਾਵ ਹੈ। ਵਿਛੋੜੇ ਵਿਚ ਮਿਲਣ ਸਮੇਂ ਦੀਆਂ ਯਾਦਾਂ ਵੀ ਸਮਾਈਆਂ ਹੁੰਦੀਆਂ ਹਨ ਅਤੇ ਬਿਰਹੋਂ ਦਾ ਦੁੱਖ ਵੀ ਹੁੰਦਾ ਹੈ। ਕਈ ਵਾਰ ਮੇਲ ਵਿਚ ਵੀ ਵਿਛੋੜਾ ਭਾਰੂ ਹੋ ਜਾਂਦਾ ਹੈ ਮੁਢਲੇ ਸਮੇਂ ਦੇ ਗੀਤਾਂ ਵਿਚ ਇਹ ਵਿਛੋੜਾ ਮਰਦ ਦੇ ਦੂਰ ਨੌਕਰੀ ਕਰਨ ਖਾਸ ਕਰਕੇ ਫੌਜ ਵਿਚ ਭਰਤੀ ਹੋਣ ਨਾਲ ਪੈਂਦਾ ਸੀ ਅਤੇ ਹੁਣ ਇਹ ਵਿਛੋੜਾ ਜਿਆਦਾਤਰ ਵਿਦੇਸ਼ੀਂ ਖੱਟੀ ਕਰਨ ਨਾਲ ਪੈਂਦਾ ਹੈ। ਮਾਨ ਨੇ ਦੋਹਾਂ ਸਥਿਤੀਆਂ ਦੇ ਹੀ ਗੀਤ ਲਿਖੇ ਹਨ। ਪਰਵਾਸੀ ਚੇਤਨਾ ਦੇ ਪ੍ਰਸੰਗ ਵਿਚ ਹੇਠ ਲਿਖੀਆਂ ਸਤਰਾਂ ਵਾਚਣਯੋਗ ਹਨ :

ਸੀਨੇ ਪੈਂਦੀਆਂ ਨੇ ਸੱਲਾਂ, ਯਾਦ ਆਉਂਦੀਆਂ ਨੇ ਗੱਲਾਂ

ਜਦੋਂ ਜੁਦਾ ਹੋਣ ਵੇਲੇ ਗਲ ਲੈਣ ਲੱਗੇ ਰੋਏ

ਅਸੀਂ ਦੋਵੇਂ ਇਕ ਦੂਜੇ ਨੂੰ ਵਰੌਣ ਲੱਗੇ ਰੋਏ

ਅਸੀਂ ਕਰ ਕਰ ਚੇਤੇ, ਇੱਕ ਪਲ ਵੀ ਨਾ ਸੁੱਤੇ

ਜਦੋਂ ਜਾਂਦੀ ਵਾਰੀ ਦਿੱਲੀ ਦੇ ਹਵਾਈ ਅੱਡੇ ਉੱਤੇ

ਤੁਸੀਂ ਜਾਣ ਲੱਗੇ ਰੋਏ, ਅਸੀਂ ਔਣ ਲੱਗੇ ਰੋਏ...

ਬਾਬੂ ਸਿੰਘ ਮਾਨ ਮਰਾੜ੍ਹਾਂਵਾਲੇ ਦੇ ਗੀਤਾਂ ਵਿਚ ਇਕ ਹੋਰ ਮੁਖ ਵਿਸ਼ਾ ਪਤੀ-ਪਤਨੀ ਦੀ ਨੋਕ-ਝੋਕ ਹੈ। ਇਹ ਨੋਕ-ਝੋਕ ਪਹਿਲੇ ਦੌਰ ਵਿਚ ਔਰਤ ਦੇ ਹੁਸਨ ਦੁਆਲੇ ਵੀ ਘੁੰਮਦੀ ਹੈ ਅਤੇ ਪੇਕੇ ਜਾਣ, ਨਾ ਜਾਣ ਦੇ ਸੰਯੋਗ-ਵਿਯੋਗ ਨੂੰ ਕਲੇਵਰ ਵਿਚ ਲੈਂਦੀ ਹੈ। ਇਸ ਵਿਚ ਔਰਤ ਦੀਆਂ ਫਰਮਾਇਸ਼ਾਂ ਅਤੇ ਮਰਦ ਦੇ ਵੈਲੀ ਜਾਂ ਨਸ਼ੱਈ ਹੋਣ ਤੇ ਵੀ ਵਿਅੰਗਮਈ ਟੋਕਾਂ ਹਨ। ਮਾਨ ਦੇ ਇਸ ਕੋਟੀ ਦੇ ਗੀਤਾਂ ਵਿਚ ਨੋਕ-ਝੋਕ ਅਕਸਰ ਹਾਸਰਸੀ ਹੋ ਜਾਂਦੀ ਹੈ। ਬਾਬੂ ਸਿੰਘ ਮਾਨ ਦੀ ਇਕ ਹੋਰ ਖਾਸੀਅਤ ਪੁਰਾਣੀਆਂ ਲੋਕ-ਕਥਾਵਾਂ ਨੂੰ ਪੁਨਰ ਪੇਸ਼ ਕਰਨ ਵਿਚ ਵੀ ਹੈ। ਉਸ ਨੇ ਹੀਰ ਰਾਂਝਾ, ਸੱਸੀ ਪੁੰਨੂ, ਮਿਰਜਾ ਸਾਹਿਬਾਂ ਦੇ ਪ੍ਰਸੰਗ ਤਾਂ ਲਿਖੇ ਹੀ ਸਗੋਂ ਉਸ ਨੇ ਪੂਰਨ ਭਗਤ, ਸੁੱਚਾ ਸੂਰਮਾ ਦੇ ਪ੍ਰਸੰਗ ਵੀ ਲਿਖੇ। ਮੁਹੰਮਦ ਸਦੀਕ ਦੀ ਆਵਾਜ ਵਿਚ ਰਿਕਾਰਡ ਸੁੱਚਾ ਸੂਰਮਾ ਤਾਂ ਇਕ ਤਰ੍ਹਾਂ ਨਾਲ ਉਸ ਦੀ ਪਛਾਣ ਬਣ ਗਿਆ। ਜਿਵੇਂ ਪਹਿਲਾਂ ਵੀ ਵਿਚਾਰ ਕੀਤੀ ਜਾ ਚੁੱਕੀ ਹੈ ਕਿ ਬਾਬੂ ਸਿੰਘ ਮਾਨ ਨਵੀਆਂ ਪ੍ਰਸਥਿਤੀਆਂ ਨੂੰ ਗੀਤਾਂ ਵਿਚ ਢਾਲਣ ਦਾ ਮਾਹਰ ਹੈ। ਚਾਹੇ ਜੱਟਾਂ ਦਾ ਮੁੰਡਾ ਗਾਉਣ ਲੱਗੇ, ਚਾਹੇ ਢਾਬਾ ਖੋਲ੍ਹੇ, ਚਾਹੇ ਭੋਂਇ ਵੇਚ ਕੇ ਟਰੱਕ ਲਿਆਵੇ ਉਸ ਦੀ ਨਜਰ ਤੋਂ ਬਚ ਨਹੀਂ ਸਕਦਾ।

ਆਦਮੀ : ਭੋਂਇ ਵੇਚਕੇ ਟਰੱਕ ਲੈ ਆਂਦਾ

ਬਾਬੇ ਦੀ ਫੁੱਲ ਕਿਰਪਾ

ਬਿਨਾਂ ਪੀਤਿਉਂ ਨਸ਼ਾ ਚੜ ਜਾਂਦਾ

ਬਾਬੇ ਦੀ ਫੁੱਲ ਕਿਰਪਾ

ਤੀਵੀਂ : ਕਦੇ ਪੰਦਰੀਂ ਦਿਨੀਂ ਘਰ ਆਂਦਾ

ਵੇ ਚੰਨਾ ਤੇਰਾ ਧੰਨ ਜਿਗਰਾ

ਰਾਤ ਕੱਟਕੇ ਸਵੇਰੇ ਤੁਰ ਜਾਂਦਾ

ਚੰਨਾ ਤੇਰਾ ਧੰਨ ਜਿਗਰਾ

ਆਦਮੀ : ਖੇਤਾਂ ਵਿਚ ਢੱਗਿਆਂ ਦੇ ਨਾਲ ਮੱਥਾ ਮਾਰਿਆ

ਬੜੀ ਦੇਰ ਰੁੱਖੀ ਮਿੱਸੀ ਖਾਕੇ ਡੰਗ ਸਾਰਿਆ

ਹੁਣ ਤੇਰਾ ਮਾਹੀ ਜੀ.ਟੀ.ਰੋਡ ਦੇ ਕਿਨਾਰੇ

ਬਣੇ ਹੋਟਲੋਂ ਪਰਾਉਂਠੇ ਖਾਂਦਾ

ਉਸ ਦੇ ਗੀਤਾਂ ਵਿਚ ਹਰ ਨਵੀਂ ਸਥਿਤੀ ਨੂੰ ਪਕੜਿਆ ਗਿਆ ਹੈ। ਇਕ ਤਰ੍ਹਾਂ ਨਾਲ ਹਰੇ ਇਨਕਲਾਬ ਤੋਂ ਬਾਅਦ ਪੰਜਾਬ ਵਿਚ ਜਿਹੜੀਆਂ ਤਬਦੀਲੀਆਂ ਆਈਆਂ ਉਸ ਨੂੰ ਮਾਨ ਨੇ ਬਾਖੂਬੀ ਪੇਸ਼ ਕੀਤਾ ਹੈ। ਦਿਲਚਸਪ ਗੱਲ ਇਹ ਹੈ ਕਿ ਅਕਸਰ ਨਵੇਂ ਧੰਦਿਆਂ ਵਾਲੇ ਵਿਅਕਤੀ ਉਸ ਦੇ ਗੀਤਾਂ ਵਿਚ ਖੁਸ਼ ਨਜਰ ਆਉਂਦੇ ਹਨ। ਇਕ ਤਰ੍ਹਾਂ ਨਾਲ ਉਹ ਜਸ਼ਨਾਵੀ ਪਲਾਂ ਦਾ ਸ਼ਾਇਰ ਬਣ ਜਾਂਦਾ ਹੈ। ਪਿਛਲੀ ਉਦਾਹਰਨ ਵਿਚ ਭੋਂਇ ਵੇਚ ਕੇ ਟਰੱਕ ਲਿਆਉਣ ਵਾਲਿਆਂ ਤੇ ਬਾਬੇ ਦੀ ਕਿਰਪਾ ਨੂੰ ਦਰਸਾਉਂਦਾ ਹੈ ਤੇ ਅਗਲੀ ਉਦਾਹਰਨ ਵਿਚ ਅਸੀਂ ਵੇਖਦੇ ਹਾਂ ਕਿ ਢਾਬੇ ਵਾਲੇ ਬਾਬੇ ਦੀ ਸ਼ਾਮ ਤਕ ਤਿਜੌਰੀ ਭਰ ਜਾਂਦੀ ਹੈ।

ਮਰਦ : ਵਧੀਆ ਤੇ ਦੇਸੀ ਖਾਣਾ, ਜਿਹੜਾ ਜੀ ਕਰਦੈ ਗਾਣਾ

ਸੁਣ ਲਓ ਮਸ਼ੀਨ ਉੱਤੇ ਲਾ ਕੇ, ਬਾਬੇ ਨੇ ਢਾਬਾ ਖੋਲ੍ਹਿਆ ਸੜਕ ਉੱਤੇ ਆ ਕੇ...

ਔਰਤ : ਜਿਸ ਦਿਨ ਦਾ ਖੋਲ੍ਹਿਆ ਢਾਬਾ, ਰਹਿੰਦਾ ਬਣ ਠਣਕੇ ਬਾਬਾ

ਰੇਸ਼ਮੀ ਜਾਕਟਾਂ ਪਾਵੇ, ਪਾਵੇ ਵੀ ਕਿਉਂ ਨਾ

ਸ਼ਾਮ ਨੂੰ ਤਿਜੌਰੀ ਭਰ ਜਾਵੇ...

ਮਾਨ ਜਿੰਨੀ ਖੂਬਸੂਰਤੀ ਨਾਲ ਨਵੀਆਂ ਸਥਿਤੀਆਂ ਨੂੰ ਪਕੜਦਾ ਹੈ, ਓਨੀ ਹੀ ਖੂਬਸੂਰਤੀ ਨਾਲ ਉਹ ਨਵੀਆਂ ਕਾਢਾਂ ਨੂੰ ਵੀ ਆਪਣੇ ਅੰਦਰ ਸਮੋ ਲੈਂਦਾ ਹੈ। ਉਹ ਪੁਰਾਣੇ ਭਾਵਾਂ ਨੂੰ ਨਵਾਂ ਰੂਪ ਅਤੇ

ਨਵੇਂ ਵਿਚੋਂ ਪੁਰਾਣੇ ਨੂੰ ਲੱਭਣ ਅਤੇ ਸਮਿਸ਼ਰਨ ਕਰਨ ਵਿਚ ਮਾਹਰ ਹੈ। ਸੰਚਾਰ ਇਨਕਲਾਬ ਨੂੰ ਉਸ ਦੀ ਕਲਾਮ ਇਉਂ ਪਕੜਦੀ ਹੈ :

ਤੁਸੀਂ ਚਿੱਠੀਆਂ ਪੌਣੀਆਂ ਭੁੱਲ ਗਏ

ਜਦੋਂ ਦਾ ਟੈਲੀਫ਼ੂਨ ਲੱਗਿਆ

ਲਾ ਕੇ ਲੱਗੀਆਂ ਨਿਭਾਉਣੀਆਂ ਭੁੱਲ ਗਏ

ਜਦੋਂ ਦਾ ਟੈਲੀਫ਼ੂਨ ਲੱਗਿਆ

ਇਕ ਇਕ ਚਿੱਠੀ ਨੂੰ ਅਨੇਕ ਵਾਰੀ ਵਾਚਣਾ

ਫੇਰ ਇੱਕ ਦੂਜੇ ਦੇ ਖਿਆਲਾਂ 'ਚੋਂ ਗੁਆਚਣਾ

ਬਾਬੂ ਸਿੰਘ ਮਾਨ ਦੇ ਗੀਤਾਂ ਵਿਚ ਛੜੇ ਵਾਂਗ ਹੀ ਅਕਸਰ ਵੈਲੀ ਅਤੇ ਨਸ਼ੇ ਦੇ ਮਾਰੇ ਅਮਲੀ ਪਾਤਰ ਆਉਂਦੇ ਹਨ। ਅਸਲ ਵਿਚ ਤਾਂ ਜਮੀਨ ਘੱਟ ਹੋਣ ਕਾਰਨ ਜਦੋਂ ਕਿਸਾਨ ਆਰਥਿਕਤਾ ਖੁਰਦੀ ਹੈ ਤਾਂ ਜੱਟ ਦਾ ਵਿਆਹ ਨਹੀਂ ਹੁੰਦਾ ਉਹ ਜਵਾਨੀ ਪਹਿਰੇ ਅਮਲੀ ਵੈਲੀ ਬਣ ਜਾਂਦਾ ਹੈ ਪਰ ਅਕਸਰ ਉਸ ਦੇ ਵੈਲ ਆਂਢੀਆਂ-ਗੁਆਂਢੀਆਂ ਦੀ ਚੋਰੀ ਛਿੱਪੇ ਬੱਕਰੀ ਚੁੰਘਣ ਤਕ ਸੀਮਤ ਹੁੰਦੇ ਹਨ। ਅਜਿਹੇ ਨਸ਼ੇੜੀ ਦਾ ਕਿਤੇ ਵਿਆਹ ਵੀ ਹੋ ਜਾਵੇ ਤਾਂ ਕਬੀਲਦਾਰੀ ਦੇ ਪੰਜ ਪਾਂਜੇ ਹੀ ਪੂਰੇ ਨਹੀਂ ਹੁੰਦੇ ਉਲਟਾ ਨਸ਼ੇ ਬਿਨਾ ਸਰੀਰ ਨਹੀਂ ਚਲਦਾ। ਮਾਨ ਦੇ ਗੀਤਾਂ ਵਿਚ ਅਮਲੀ ਅਤੇ ਉਸ ਦੀ ਘਰਵਾਲੀ ਦੀ ਨੋਕ-ਝੋਕ ਹਾਸ-ਰਸੀ ਹੋ ਜਾਂਦੀ ਹੈ। ਉਦਾਹਰਨ ਵਜੋਂ ਅਮਲੀ ਪ੍ਰਾਜੈਕਟ ਅਫਸਰ ਵਾਂਗ ਹਵਾਈ ਸਕੀਮਾਂ ਬਣਾਉਂਦਾ ਹੈ।

ਪਤੀ : ਹੁਣ ਮੈਨੂੰ ਸੁੱਝੀ ਫੰਨੇ ਖਾਂ ਸਕੀਮ ਨੀ

ਦਸਦਾ ਹਾਂ, ਲਿਆਈਂ ਥੋੜੀ ਕੁ ਅਫੀਮ ਨੀ

ਪਤਨੀ : ਸਾਥੋਂ ਰੁੱਸੀ ਫਿਰੇ ਸਾਡੀ ਤਕਦੀਰ ਵੇ

ਤੂੰ ਹੀ ਕੋਈ ਮਾਰ ਕੱਢੂ ਵਿਚ ਤੀਰ ਵੇ

ਪਤੀ : ਸੁਣ ਲੈ ਗਲ ਨੇੜੇ ਹੋ ਕੇ

ਕਰਨੀ ਮੈਂ ਏਦਾਂ ਏਦਾਂ

ਪਲ ਵਿਚ ਪਲਟਾ ਦੂੰ ਕਿਸਮਤ

ਅਮਲੀ ਦੀਆਂ ਵੇਖੀਂ ਖੇਡਾਂ

ਬੈਂਕ ਚੋਂ ਕਰਜਾ ਲੈ ਕੇ

ਦੋ ਤਿੰਨ ਸੌ ਲਿਆਊਂ ਭੇਡਾਂ

ਵੇਖੀ ਫਿਰ ਜੁਗਤਾਂ ਪੁੱਛਦੇ

ਜਿਹੜੇ ਅੱਜ ਕਰਦੇ ਛੇੜਾਂ

ਪਤਨੀ : ਜੇ ਕੰਡਾ ਖਾਧੀ ਹੋਵੇ

ਕਰਦਾਂ ਏਂ ਗੱਲ ਨਵੇਲੀ

ਥੁੱਕਾਂ ਨਾਲ ਵੜੇ ਪਕੌਨੈਂ

ਉਗ ਪੈਂਦੀ ਸਰ੍ਹੋਂ ਹਥੇਲੀ

ਡੱਬੀ ਚੋਂ ਮੁੱਕੀ ਹੋਵੇ

ਫਿਰ ਤੇਰਾ ਅੱਲਾ ਬੇਲੀ

ਚੜ੍ਹ ਗਈ ਤੋਂ ਭੋਜ-ਬਹਾਦਰ

ਲਹਿ ਗਈ ਤੋਂ ਗੰਗੂ-ਤੇਲੀ

ਬਾਬੂ ਸਿੰਘ ਮਾਨ ਦੀ ਨਜਰ ਤੋਂ ਬੂਬਨੇ ਸਾਧਾਂ ਦਾ ਪਾਖੰਡ ਵੀ ਨਹੀਂ ਲੁਕ ਸਕਦਾ। ਉਸ ਦਾ ਸਾਧ ਪਾਤਰ ਅਕਸਰ ਗਿਆਨ ਤੋਂ ਸੱਖਣਾ, ਔਰਤਾਂ ਦਾ ਠਰਕੀ, ਸਿਰੇ ਦਾ ਪਾਖੰਡੀ ਹੁੰਦਾ ਹੈ ਜੋ ਖੁਦ ਨਸ਼ੇ ਕਰਦਾ ਹੈ ਅਤੇ ਦੂਸਰਿਆਂ ਨੂੰ ਨਸ਼ੇ ਲਾਉਂਦਾ ਹੈ। ਬਾਬਾ ਵੈਦ ਰੋਗੀਆਂ ਦਾ, ਬਣ ਸੰਤਾਂ ਦੀ ਚੇਲੀ, ਦੁਪਹਿਰੇ ਕੁੱਤੀ ਭੌਂਕਦੀ ਆਦਿ ਗੀਤਾਂ ਵਿਚ ਉਸ ਨੇ ਪਾਖੰਡੀ ਸਾਧਾਂ ਉਪਰ ਕਟਾਖਸ਼ ਕੀਤਾ ਹੈ। ਬਾਬੂ ਸਿੰਘ ਮਾਨ ਕੋਲ ਲੱਗਭਗ ਹਰ ਰਿਸ਼ਤੇ ਲਈ ਕੋਈ ਨਾ ਕੋਈ ਗੀਤ ਹੈ। ਉਸ ਵਿਚ ਭੈਣ-

ਭਰਾ ਦਾ ਸੱਚਾ-ਸੁੱਚਾ ਪਿਆਰ ਵੀ ਹੈ ਅਤੇ ਮਾਂ-ਪਿਉ ਦਾ ਪਿਆਰ ਵੀ ਹੈ ਅਤੇ ਸੱਸ ਚੰਦਰੀ ਨਾਲ ਆਢੇ ਦੇ ਦ੍ਰਿਸ਼ ਹਨ। ਉਸ ਦੇ ਗੀਤਾਂ ਵਿਚ ਨਣਦ ਦੇ ਆਕੜਖੋਰੇ ਰੂਪ ਦਾ ਜਿਕਰ ਵੀ ਹੈ ਜਦੋਂ ਉਹ ਆਪਣੇ ਠਾਣੇਦਾਰ ਪਤੀ ਦੇ ਸਿਰ ਤੇ ਪੇਕੇ ਘਰ ਰੋਹਬ ਮਾਰਦੀ ਹੈ :

ਰਿਸ਼ਵਤ ਰੱਬੀ ਰਹਿਮਤ ਵਾਂਗੂੰ ਬਿਨਾਂ ਬੁਲਾਇਆਂ ਆਵੇ
ਨਣਦ ਮੇਰੀ ਦੀ ਆਕੜ ਦੂਣੀ ਚੌਣੀ ਹੁੰਦੀ ਜਾਵੇ
ਅੱਗੇ ਪਿੱਛੇ ਫਿਰਦੇ ਨੌਕਰ ਚਾਕਰ ਖਿਦਮਤਗਾਰ ਇਕ ਮੇਰੀ ਨਣਦ ਬੁਰੀ.......

ਦਿਉਰਾਂ-ਜੇਠਾਂ ਨਾਲ ਖੱਟੇ-ਮਿੱਠੇ ਅਨੁਭਵ ਵੀ ਹਨ ਅਤੇ ਪਤੀ-ਪਤਨੀ ਦੀ ਨੋਕ-ਝੋਕ ਵੀ ਹੈ।

ਚਿੱਟੀਆਂ ਕਪਾਹ ਦੀਆਂ ਫੁੱਟੀਆਂ

ਹਾਏ ਨੀ ਪੱਤ ਹਰੇ ਹਰੇ

ਆਖ ਨੀ ਨਣਾਨੇ ਤੇਰੇ ਵੀਰ ਨੂੰ ਕਦੇ ਤਾਂ ਭੈੜਾ ਹੱਸਿਆ ਕਰੇ

ਵੇਖ ਨਿੱਖਰੀ ਦੁਪਹਿਰ ਖੇਤੀਂ ਹੱਸਣ ਕਪਾਹਵਾਂ

ਟੀਂਡਾ ਫੁਟ ਬਣ ਜਾਏ ਨੀ ਮੈਂ ਜੀਹਨੂੰ ਹੱਥ ਲਾਵਾਂ

ਮੇਰੇ ਸੀਨੇ ਚ ਸੁਗੰਧ ਬਣ ਵੱਸਿਆ ਕਰੇ

ਆਖ ਨੀ ਨਣਾਨੇ ਤੇਰੇ ਵੀਰ ਨੂੰ....

ਤੇਰੇ ਵੀਰ ਦਿਆ ਬੁੱਲ੍ਹਾਂ ਤੇ ਹਮੇਸ਼ਾ ਰਹਿੰਦੀ ਚੁੱਪ

ਜਿਵੇਂ ਹਾੜ੍ਹ ਦੇ ਮਹੀਨੇ ਵਿਚ ਵੱਢ ਖਾਣੀ ਧੁੱਪ

ਸਾਥੋਂ ਹੋਈ ਕੀ ਖੁਨਾਮੀ ਕੁਝ ਦੱਸਿਆ ਕਰੇ

ਆਖ ਨੀ ਨਣਾਨੇ ਤੇਰੇ ਵੀਰ ਨੂੰ....

ਬਾਬੂ ਸਿੰਘ ਮਾਨ ਦੇ ਗੀਤਾਂ ਵਿਚ ਅਜੋਕੇ ਭ੍ਰਿਸ਼ਟਾਚਾਰੀ ਰਾਜਤੰਤਰ ਦਾ ਜਿਕਰ ਵੀ ਹੈ। ਭਾਵੇਂ ਰਾਜਨੀਤਿਕ ਗੀਤ ਉਸ ਦਾ ਮੁਖ ਵਿਸ਼ਾ ਨਹੀਂ ਹਨ ਪਰ ਰਿਸ਼ਵਤ ਦਾ ਜਿਕਰ ਅਕਸਰ ਉਸ ਦੇ ਗੀਤਾਂ ਵਿਚ ਆ ਜਾਂਦਾ ਹੈ। ਉਸ ਦੇ ਪ੍ਰਸਿੱਧ ਗੀਤ ਰੋਡਵੇਜ ਦੀ ਲਾਰੀ ਵਿਚ ਕੰਡਕਟਰ ਆਪਣੀ ਖ਼ੂਬਸੂਰਤ ਸਫਾਈ ਦਿੰਦਾ ਹੈ ਕਿ ਭ੍ਰਿਸ਼ਟਾਚਾਰ ਦੇ ਜਨਮਦਾਤੇ ਅਫਸਰ ਹਨ ਪਰ ਬਦਨਾਮੀ ਹੇਠਲਿਆਂ ਦੀ ਹੁੰਦੀ ਹੈ :

ਮਰਦ : ਕਿਉਂਕਿ ਮੈਂ ਸ਼ਾਮੀਂ ਪੀ ਲੈਂਦਾ

ਏਸੇ ਲਈ ਬਦਨਾਮੀ ਸਹਿੰਦਾ

ਉਹਨਾਂ ਨੂੰ ਕੋਈ ਕੁਝ ਨਹੀਂ ਕਹਿੰਦਾ

ਜਿਹੜੇ ਡੰਡਾ ਡੁੱਕਦੇ ਨੇ

ਅਸੀਂ ਮੁਫਤ ਬਦਨਾਮ ਹਾਂ

ਚੌਂਹਟੇ ਅਫਸਰ ਚੁੱਕ ਦੇ ਨੇ

ਬਾਬੂ ਸਿੰਘ ਮਾਨ ਦਾ ਇਕ ਬਹੁਤ ਪੁਰਾਣਾ ਗੀਤ ਸਰਕਾਰੀ ਤੰਤਰ ਦੀ ਸਾਰੀ ਪਾਜ ਉਘੇੜਦਾ ਹੈ ਕਿ ਕਿਵੇਂ ਇਹ ਭ੍ਰਿਸ਼ਟਿਆ ਪਿਆ ਹੈ : ਉਸ ਵਿਚ ਇਕ ਕਿਸਾਨ ਔਰਤ ਦਸਦੀ ਹੈ ਕਿ ਕਿਵੇਂ ਮੁਨਸ਼ੀ, ਪਟਵਾਰੀ, ਕਰਨੈਲ-ਜਰਨੈਲ ਕਿਸਾਨ ਦਾ ਦੁੱਧ ਤਕ ਪੀ ਜਾਂਦੇ ਹਨ।

ਔਰਤ: ਅਹਿਲਕਾਰ ਸਰਕਾਰੀ

ਵੇ ਦੁੱਧ ਪੀ ਗਏ ਬੂਰੀ ਮੱਝ ਦਾ

ਜਰਨੈਲ ਤੇ ਕਰਨੈਲ ਜ਼ਿਲ੍ਹੇਦਾਰ

ਮੁਨਸ਼ੀ ਦੇ ਪਟਵਾਰੀ...ਦੁੱਧ ਪੀ ਗਏ

ਬਾਬੂ ਸਿੰਘ ਮਾਨ ਮਰਾੜ੍ਹਾਂਵਾਲੇ ਕੋਲ ਜੀਵਨ ਦਾ ਬੜਾ ਵਿਸ਼ਾਲ ਅਨੁਭਵ ਹੈ। ਉਹ ਫਰੀਦਕੋਟ ਰਿਆਸਤ ਦੇ ਛੋਟੇ ਜਿਹੇ ਪਿੰਡ ਤੋਂ ਲੈ ਕੇ ਭਾਰਤ ਦੇ ਵੱਡੇ ਮਹਾਂਨਗਰ ਬੰਬਈ ਤਕ ਦਾ ਸਿੱਧਾ ਅਨੁਭਵ ਰਖਦਾ ਹੈ। ਉਹ ਨਾ ਕੇਵਲ ਦੇਸ਼-ਵਿਦੇਸ਼ ਹੀ ਘੁੰਮਿਆ ਹੈ ਸਗੋਂ ਉਸ ਨੂੰ ਪੇਂਡੂ ਜੱਟ ਕਿਸਾਨੀ

ਜਿੰਨੀ ਹੀ ਸ਼ਹਿਰੀ ਬਾਬੂਆਂ ਅਤੇ ਸਿਆਸੀ ਬੰਦਿਆਂ ਦੀ ਸਾਰ ਹੈ। ਇਹ ਵੀ ਬਹੁਤ ਘੱਟ ਲੋਕਾਂ ਨੂੰ ਪਤਾ ਹੋਵੇਗਾ ਕਿ ਨਾ ਕੇਵਲ ਪਿੰਡ ਦਾ ਸਰਪੰਚ ਹੀ ਰਿਹਾ ਸਗੋਂ ਉਹ ਬਲਾਕ ਸੰਮਤੀ ਦਾ ਚੇਅਮੈਨ ਵੀ ਰਿਹਾ। ਹੇਠ ਲਿਖੇ ਗੀਤਾਂ ਵਿਚ ਇਕ ਤਰ੍ਹਾਂ ਨਾਲ ਉਸ ਦੇ ਸਰਪੰਚੀ ਅਨੁਭਵ ਦੀ ਪੇਸ਼ਕਾਰੀ ਹੈ:

ਔਰਤ : ਉਹ ਤਾਂ ਲੱਭਦੇ ਮੁੱਲ ਲੜਾਈ ਮੈਂ ਹੀ ਡਰਦੀ ਰਹਿੰਦੀ

ਮੈਂ ਕਾਵਾਂ ਨੇ ਕੂੰਜ ਘੇਰ ਲਈ ਉੱਚਾ ਸਾਹ ਨਾ ਲੈਂਦੀ

ਜੇ ਮੈਂ ਅਸਲ ਟਿਕਾਣੇ ਤੁਰ ਗਈ

ਸਤੀ-ਸਤਾਈ ਠਾਣੇ ਤੁਰ ਗਈ

ਇਹਦੇ ਵਿਚ ਭਲਾ ਦੱਸੋ ਕੀ ਖ਼ੁਦਗਰਜ਼ੀ ਮੇਰੀ

ਪਿੰਡ ਦਿਆ ਸਰਪੰਚਾ...

ਮਰਦ : ਜੇ ਠਾਣਿਉਂ ਘਬਰਾਕੇ ਮੈਂ ਫਰਿਆਦਾਂ ਸੁਣਦਾ

ਮਾਨ-ਮਰਾੜ੍ਹਾਂ ਵਾਲਾ ਫਿਰ ਸਰਪੰਚ ਨਹੀਂ ਸੀ ਬਣਦਾ

ਛੜੇ ਪਰਾਹੁਣੇ ਹੁੰਦੇ ਰੱਬ ਦੇ

ਇਹੋ ਜਹੇ ਵੋਟਰ ਨਾ ਲੱਭਦੇ

ਕਹੇਂ ਤਾਂ ''ਟਿੱਚਰ-ਬਾਜਾਂ'' ਤੋਂ ਤੈਨੂੰ ਭੈਣ ਕਹਾ ਦੂੰ

ਜੇ ਚਾਹੁੰਦੀ ਸਮਝੌਤਾ

ਉਸ ਦੇ ਗਾਣੇ ਸਾਰੇ ਹੀ ਗਾਇਕਾਂ ਨੇ ਗਾਏ ਹਨ ਪਰ ਜੋ ਰਚਿਕ ਮੁਹੰਮਦ ਸਦੀਕ ਅਤੇ ਰਣਜੀਤ ਕੌਰ ਨਾਲ ਬੈਠੀ ਸ਼ਾਇਦ ਹੀ ਕਿਸੇ ਗੀਤਕਾਰ ਤੇ ਗਾਇਕ ਨਾਲ ਹੋਵੇ। ਵਿਚ ਕੁਝ ਦੇਰ ਲਈ ਇਹ ਜੁਗਲਬੰਦੀ ਟੁੱਟੀ ਤਾਂ ਜਨਕ ਸ਼ਰਮੀਲੇ ਨੂੰ ਮੌਕਾ ਮਿਲਿਆ ਸੀ। ਉਹ ਆਪਣੇ ਆਪ ਨੂੰ ਸਦਾ ਨਵਿਆਉਂਦਾ ਰਹਿੰਦਾ ਹੈ। ਪੰਜਾਬੀ ਵਿਚ, ਪੰਜਾਬੀ ਵਿਚ ਪੌਪ ਜਮਾਂ ਬੀਟ ਦੀ ਹਨ੍ਹੇਰੀ ਆਈ ਤਾਂ ਉਸ ਨੇ ਹਰਭਜਨ ਮਾਨ ਲਈ ਗੀਤ 'ਗੱਲ੍ਹਾਂ ਗੋਰੀਆਂ ਦੇ ਵਿਚ ਟੋਏ' ਲਿਖਿਆ ਤਾਂ ਇਹ ਦਰਸਾ ਦਿੱਤਾ ਕਿ ਉਸ ਦੀ ਹਰ ਵੰਨਗੀ ਤੇ ਹੀ ਪਕੜ ਹੈ। ਬਾਬੂ ਸਿੰਘ ਮਾਨ ਨੇ ਪੰਜਾਬੀ ਜਨਜੀਵਨ ਦੇ

ਹਰ ਪੱਖ ਨੂੰ ਗੀਤਾਂ ਵਿਚ ਪੇਸ਼ ਕੀਤਾ ਹੈ। ਇੱਥੋਂ ਤਕ ਕਿ ਉਸ ਦੇ ਗੀਤਾਂ ਵਿਚ ਸੰਸਾਰ ਅਮਨ ਲਹਿਰ ਦੇ ਅਧੀਨ ਜੰਗ ਦਾ ਵਿਰੋਧ ਵੀ ਹੈ।

ਬਾਬੂ ਸਿੰਘ ਮਾਨ ਮਰਾੜ੍ਹਾਂ ਵਾਲੇ ਦੇ ਗੀਤਾਂ ਵਿਚ ਏਨੀ ਵੰਨ-ਸੁਵੰਨਤਾ ਹੈ ਕਿ ਉਸ ਨੂੰ ਸੱਚਮੁੱਚ ਪੰਜਾਬੀ ਗੀਤਾਂ ਦਾ ਵਣਜਾਰਾ ਕਿਹਾ ਜਾ ਸਕਦਾ ਹੈ। ਜਿਸ ਕੋਲ ਹਰ ਰੰਗ ਦੇ, ਹਰ ਮੌਕੇ ਦੇ ਹਰ ਰਸ ਵਿਚ ਡੁੱਬੇ ਗੀਤ ਹਨ। ਉਸ ਦੀ ਕਾਮਯਾਬੀ ਦਾ ਰਾਜ ਪੰਜਾਬੀ ਸਭਿਆਚਾਰ ਦੀ ਸਮਝ, ਮੁਹਾਵਰੇ ਤੇ ਪਕੜ ਅਤੇ ਸੰਗੀਤ ਦੀ ਜਾਣਕਾਰੀ ਉਪਰ ਨਿਰਭਰ ਹੈ। ਸਭ ਤੋਂ ਅਹਿਮ ਗੱਲ ਉਹ ਪੰਜਾਬੀ ਜਨਮਾਨਸ ਦੀ ਨਬਜ ਨੂੰ ਪਛਾਣਦਾ ਹੈ।

ਮੁੱਕਦੀ ਗੱਲ–ਗੀਤਕਾਰ ਅਕਸਰ ਲੋਕਗੀਤਾਂ ਤੋਂ ਭਾਵ, ਸ਼ਬਦ, ਤਰਜਾਂ ਉਧਾਰੇ ਲੈਂਦੇ ਰਹਿੰਦੇ ਹਨ, ਇਹ ਕੋਈ ਮਿਹਣਾ ਨਹੀਂ, ਲੋਕਗੀਤ ਸਭ ਦੇ ਸਾਂਝੇ ਹਨ। ਬਾਬੂ ਸਿੰਘ ਮਾਨ ਉਪਰ ਇਕ ਵਾਰ ਕਿਸੇ ਨਿੰਦਕ ਨੇ ਦੋਸ਼ ਲਾਇਆ ਕਿ ਉਹ ਪੁਰਾਣੇ ਗੀਤਾਂ ਦੇ ਮੁਖੜੇ ਨਵੇਂ ਗੀਤਾਂ ਵਿਚ ਵਰਤ ਲੈਂਦਾ ਹੈ। ਬਾਬੂ ਸਿੰਘ ਮਾਨ ਨੇ ਆਖਿਆ ਬਿਲਕੁਲ ਠੀਕ ਜਿਵੇਂ ਨਵਾਂ ਘਰ ਪਾਉਣ ਲੱਗਿਆਂ, ਪੁਰਾਣੇ ਘਰ ਦੀਆਂ ਇੱਟਾਂ ਨਵੇਂ ਘਰ ਦੀਆਂ ਨੀਹਾਂ ਵਿਚ ਲਗਾ ਲਈਦੀਆਂ ਹਨ, ਮੈਂ ਵਰਤ ਲੈਂਦਾ ਹਾਂ। ਮੈਂ ਆਪਣੀਆਂ ਇੱਟਾਂ ਆਪਣੇ ਘਰ ਨਾ ਲਗਾਵਾਂ, ਤੇਰੇ ਵਰਗਿਆਂ ਨੂੰ ਚੁੱਕਾ ਦੇਵਾਂ, ਮੈਨੂੰ ਸਿਆਣਾ ਕੌਣ ਆਖੂ। ਹਾਂ ਭਾਈ ਮੌਕੇ ਅਨੁਸਾਰ ਪੁਰਾਣੀਆਂ ਸਤਰਾਂ ਵਰਤ ਲਈਦੀਆਂ ਹਨ। ਮੈਨੂੰ ਇਹ ਗੱਲ ਐਨੀ ਚੰਗੀ ਲੱਗੀ ਕਿ ਇਸ ਸ਼ਬਦ ਚਿੱਤਰ ਵਿਚ ਵੀ ਅੱਧੋਂ ਵੱਧ ਇੱਟਾਂ ਮੈਂ ਪੁਰਾਣੀਆਂ ਹੀ ਵਰਤੀਆਂ ਹਨ।

*****